ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

YouTube https://youtu.be/LQwolgxDu7I

awazeqaumtvpunjab@gmail.com

ਮੰਗਲਵਾਰ, 17 ਜੂਨ 2025 (ਨਾਨਕਸ਼ਾਹੀ ਸੰਮਤ : ੫੫੭, ੩ ਹਾੜ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243




## ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਸ਼੍ਰੋਮਣੀ ਕਮੇਟੀ ਵੱਲੋਂ ਪਾਕਿ ਨਹੀਂ ਜਾਵੇਗਾ ਸ਼ਰਧਾਲੂਆਂ ਦਾ ਜਥਾ

**ਅੰਮ੍ਰਿਤਸਰ, 16 ਜੂਨ (ਆਵਾਜ਼ਿ ਕੌਮ ਬਿਊਰੋ)**-ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ 29 ਜੂਨ ਨੂੰ ਮਨਾਈ ਜਾ ਰਹੀ ਬਰਸੀ ਮੌਕੇ ਪਾਕਿਸਤਾਨ ਵਿਖੇ ਹੋਣ ਵਾਲੇ ਸਮਾਗਮਾਂ ਵਿਚ ਸ਼ਮੂਲੀਅਤ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਸ਼ਰਧਾਲੂਆਂ ਦਾ ਜਥਾ ਨਹੀਂ ਭੇਜਿਆ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਦੱਸਿਆ ਕਿ ਸਿੱਖ ਸ਼ਰਧਾਲੂਆਂ ਨੇ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਪਾਕਿਸਤਾਨ ਜਾਣ ਲਈ ਆਪਣੇ ਪਾਸਪੋਰਟ ਸ਼੍ਰੋਮਣੀ ਕਮੇਟੀ ਦਫ਼ਤਰ ਦੇ ਯਾਤਰਾ ਵਿਭਾਗ ਵਿਖੇ ਜਮ੍ਹਾਂ ਕਰਵਾਏ ਸਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਹਰ ਸਾਲ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮਨਾਉਣ ਪਾਕਿਸਤਾਨ ਵਿਖੇ ਸਿੱਖ ਸ਼ਰਧਾਲੂਆਂ ਦਾ ਜਥਾ ਭੇਜਿਆ ਜਾਂਦਾ ਹੈ, ਪ੍ਰੰਤੂ ਦੋਹਾਂ ਦੇਸ਼ਾਂ ਵਿਚ ਬਣੇ ਤਣਾਅ ਭਰੇ ਮਾਹੌਲ ਅਤੇ ਭਾਰਤ ਸਰਕਾਰ ਵੱਲੋਂ ਯਾਤਰਾ ਸਬੰਧੀ ਲਾਈਆਂ ਪਾਬੰਦੀਆਂ 'ਤੇ ਜਾਰੀ ਦਿਸ਼ਾ ਨਿਰਦੇਸ਼ਾਂ ਤਹਿਤ ਸ਼੍ਰੋਮਣੀ ਕਮੇਟੀ ਨੇ ਇਸ ਵਾਰ ਇਹ ਜਥਾ ਨਾ ਭੇਜਣ ਦਾ ਫੈਸਲਾ ਲਿਆ ਹੈ। ਉਨ੍ਹਾਂ ਕਿਹਾ ਕਿ ਸ਼ਰਧਾਲੂ ਵਧੇਰੇ ਜਾਣਕਾਰੀ ਲਈ ਸ਼੍ਰੋਮਣੀ ਕਮੇਟੀ ਦੇ ਯਾਤਰਾ ਵਿਭਾਗ ਵਿਖੇ ਸੰਪਰਕ ਕਰ ਸਕਦੇ ਹਨ।

## ਬਿਲਾਵਲ ਭੁੱਟੋ ਨੇ ਮੁੜ ਦਿੱਤੀ ਧਮਕੀ

# ਭਾਰਤ ਪਾਣੀ ਛੱਡੇ, ਨਹੀਂ ਤਾਂ ਜੰਗ ਹੋਵੇਗੀ

**ਇਸਲਾਮਾਬਾਦ, 16 ਜੂਨ (ਆਵਾਜ਼ਿ ਕੌਮ ਬਿਊਰੋ)**-ਪਾਕਿਸਤਾਨ ਦੇ ਸਾਬਕਾ ਵਿਦੇਸ਼ ਮੰਤਰੀ ਅਤੇ ਪਾਕਿਸਤਾਨ ਪੀਪਲਜ਼ ਪਾਰਟੀ ਦੇ ਮੁਖੀ ਬਿਲਾਵਲ ਭੁੱਟੋ ਜ਼ਰਦਾਰੀ ਨੇ ਭਾਰਤ ਨੂੰ ਕਸ਼ਮੀਰ, ਸਿੰਧੂ ਜਲ ਸੰਧੀ ਤੇ ਅੱਤਵਾਦ ਦੇ



ਮੁੱਦੇ 'ਤੇ ਚਰਚਾ ਕਰਨ ਲਈ ਗੱਲਬਾਤ ਕਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਨ੍ਹਾਂ ਮੁੱਦਿਆਂ ਨੂੰ ਦੋਵੇਂ ਦੇਸ਼ ਵਿਆਪਕ ਗੱਲਬਾਤ ਰਾਹੀਂ ਹੀ ਹੱਲ ਕਰ ਸਕਦੇ ਹਨ। ਇਸ ਦੇ ਨਾਲ ਹੀ ਉਨ੍ਹਾਂ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਸਿੰਧੂ ਜਲ ਸੰਧੀ ਤੋਂ ਮੁਅੱਤਲੀ ਹਟਾਈ ਨਹੀਂ ਜਾਂਦੀ ਹੈ, ਤਾਂ ਪਾਕਿਸਤਾਨ ਕੋਲ ਜੰਗ ਤੋਂ ਇਲਾਵਾ ਕੋਈ ਵਿਕਲਪ ਨਹੀਂ ਹੋਵੇਗਾ। 'ਐਕਸਪ੍ਰੈਸ ਟ੍ਰਿਬਿਊਨ' ਅਖਬਾਰ ਦੀ ਖ਼ਬਰ ਅਨੁਸਾਰ, ਪੱਛਮੀ ਦੇਸ਼ਾਂ ਦੇ ਦੌਰੇ 'ਤੇ ਸੰਸਦੀ ਵਫ਼ਦ ਦੀ ਅਗਵਾਈ ਕਰ ਰਹੇ ਬਿਲਾਵਲ ਨੇ ਐਤਵਾਰ (15 ਜੂਨ, 2025) ਨੂੰ ਬ੍ਰਸੇਲਜ਼ ਦੀ ਆਪਣੀ ਫੇਰੀ ਦੌਰਾਨ ਜਰਮਨ ਪ੍ਰਸਾਰਕ 'ਡਿਊਸ਼ ਵੇਲੇ ਉਰਦੂ' ਨੂੰ ਦਿੱਤੇ ਇੱਕ ਇੰਟਰਵਿਊ ਵਿੱਚ ਇਹ ਟਿੱਪਣੀ ਕੀਤੀ। ਉਨ੍ਹਾਂ ਕਿਹਾ, 'ਪਾਕਿਸਤਾਨ ਅਤੇ ਭਾਰਤ ਵਿਚਕਾਰ ਸਾਰੇ ਲੰਬਿਤ ਮੁੱਦਿਆਂ ਨੂੰ ਵਿਆਪਕ ਗੱਲਬਾਤ ਰਾਹੀਂ ਹੀ ਹੱਲ ਕੀਤਾ ਜਾ ਸਕਦਾ ਹੈ। ਜੇ ਭਾਰਤ ਗੱਲਬਾਤ ਲਈ ਮੇਜ਼ 'ਤੇ ਨਹੀਂ ਆਉਂਦਾ ਹੈ, ਤਾਂ ਇਹ ਉਨ੍ਹਾਂ ਦੇ ਹਿੱਤ ਵਿੱਚ ਨਹੀਂ ਹੋਵੇਗਾ।' ਸਾਬਕਾ ਵਿਦੇਸ਼ ਮੰਤਰੀ ਨੇ ਚੇਤਾਵਨੀ ਦਿੱਤੀ ਕਿ ਭਾਰਤ ਵੱਲੋਂ ਪਾਕਿਸਤਾਨ ਨੂੰ ਪਾਣੀ ਦੀ ਸਪਲਾਈ ਬੰਦ ਕਰਨ ਦੀ ਕਿਸੇ ਵੀ ਕੋਸ਼ਿਸ਼ ਨੂੰ ਇੱਕ ਹੋਂਦ ਦੇ ਖ਼ਤਰੇ ਵਜੋਂ ਦੇਖਿਆ ਜਾਵੇਗਾ, ਜਿਸ ਨਾਲ ਪਾਕਿਸਤਾਨ ਕੋਲ ਜੰਗ ਤੋਂ ਇਲਾਵਾ ਕੋਈ ਵਿਕਲਪ ਨਹੀਂ ਬਚੇਗਾ। ਇੱਕ ਦਿਨ ਪਹਿਲਾਂ, ਬਿਲਾਵਲ ਭੁੱਟੋ ਜ਼ਰਦਾਰੀ ਨੇ ਅੰਤਰਰਾਸ਼ਟਰੀ ਭਾਈਚਾਰੇ ਨੂੰ ਅਪੀਲ ਕੀਤੀ ਸੀ ਕਿ ਉਹ ਭਾਰਤ ਨੂੰ ਗੱਲਬਾਤ ਦੀ ਮੇਜ਼ 'ਤੇ ਲਿਆਉਣ ਅਤੇ ਦੱਖਣੀ ਏਸ਼ੀਆ ਵਿੱਚ ਸਥਾਈ ਸ਼ਾਂਤੀ ਨੂੰ ਯਕੀਨੀ ਬਣਾਉਣ ਵਿੱਚ ਆਪਣੀ ਭੂਮਿਕਾ ਨਿਭਾਉਣ ਲਈ ਇੱਕ ਵਿਆਪਕ ਗੱਲਬਾਤ ਰਾਹੀਂ ਜਿਸ ਵਿੱਚ ਕਸ਼ਮੀਰ ਮੁੱਦਾ, ਪਾਣੀ ਮੁੱਦਾ ਅਤੇ ਅੱਤਵਾਦ ਦਾ ਹੱਲ ਸ਼ਾਮਲ ਹੈ। ਭਾਰਤ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਪਾਕਿਸਤਾਨ ਨਾਲ ਸਿਰਫ਼ ਪੀਓਕੇ (ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ) ਅਤੇ ਅੱਤਵਾਦ 'ਤੇ ਹੀ ਗੱਲਬਾਤ ਕਰੇਗਾ। ਵਿਆਪਕ ਗੱਲਬਾਤ 2003 ਵਿੱਚ ਸ਼ੁਰੂ ਹੋਈ ਸੀ ਜਦੋਂ ਪਾਕਿਸਤਾਨ ਵਿੱਚ ਜਨਰਲ ਪਰਵੇਜ਼ ਮੁਸ਼ੱਰਫ ਦਾ ਸ਼ਾਸਨ ਸੀ। ਇਸ ਦੇ ਅੱਠ ਹਿੱਸੇ ਸਨ, ਜੋ ਦੋਵਾਂ ਦੇਸ਼ਾਂ ਵਿਚਕਾਰ ਸਾਰੇ ਵਿਵਾਦਪੂਰਨ ਮੁੱਦਿਆਂ ਨੂੰ ਕਵਰ ਕਰਦੇ ਸਨ। 2008 ਦੇ ਮੁੰਬਈ ਹਮਲਿਆਂ ਤੋਂ ਬਾਅਦ ਗੱਲਬਾਤ ਪਟੜੀ ਤੋਂ ਉਤਰ ਗਈ ਸੀ ਤੇ ਸਹੀ ਰੂਪ ਵਿੱਚ ਮੁੜ ਸ਼ੁਰੂ ਨਹੀਂ ਕੀਤੀ ਗਈ ਹੈ।

## ਹਾਂਗਕਾਂਗ, ਲੰਡਨ ਤੇ ਜਰਮਨੀ ਤੋਂ ਭਾਰਤ ਆ ਰਹੀਆਂ ਫਲਾਈਟਾਂ ਵਾਪਸ ਪਰਤੀਆਂ

**ਨਵੀਂ ਦਿੱਲੀ, 16 ਜੂਨ (ਆਵਾਜ਼ਿ ਕੌਮ ਬਿਊਰੋ)**-ਏਅਰ ਇੰਡੀਆ ਦੀ ਇੱਕ ਹੋਰ ਫਲਾਈਟ ਵਿੱਚ ਤਕਨੀਕੀ ਖਰਾਬੀ ਆ ਗਈ। ਹਾਂਗਕਾਂਗ ਤੋਂ ਦਿੱਲੀ ਆ ਰਹੀ ਏਅਰ ਇੰਡੀਆ ਦੀ ਉਡਾਣ (ਨੰਬਰ 19315) ਸੋਮਵਾਰ ਨੂੰ ਵਾਪਸ ਹਾਂਗਕਾਂਗ ਪਰਤ ਗਈ। ਪਤਾ ਲੱਗਾ ਹੈ ਕਿ ਇਸ ਵਿੱਚ ਤਕਨੀਕੀ ਖਰਾਬੀ ਸੀ। ਇਹ ਜਹਾਜ਼ ਬੋਇੰਗ 787-8 ਡ੍ਰੀਮਲਾਈਨਰ ਸੀ। ਦੂਜੇ ਪਾਸੇ, ਐਤਵਾਰ ਨੂੰ ਭਾਰਤ ਆ ਰਹੇ ਦੋ ਬੋਇੰਗ ਡ੍ਰੀਮਲਾਈਨਰ ਜਹਾਜ਼ ਵੀ ਅੱਧ-ਵਿਚਕਾਰੋਂ ਵਾਪਸ ਪਰਤ ਗਏ। ਇਨ੍ਹਾਂ ਵਿੱਚੋਂ ਇੱਕ ਉਡਾਣ ਲੰਡਨ ਤੋਂ ਚੇਨਈ ਤੇ ਦੂਜੀ ਫ੍ਰੈਂਕਫਰਟ, ਜਰਮਨੀ ਤੋਂ ਹੈਦਰਾਬਾਦ ਆ ਰਹੀ ਸੀ। ਦੋਵਾਂ ਨੇ ਸੋਮਵਾਰ ਨੂੰ ਲੈਂਡ ਕਰਨਾ ਸੀ। ਹਾਸਲ ਜਾਣਕਾਰੀ ਮੁਤਾਬਕ ਚੇਨਈ ਆ ਰਹੇ ਬ੍ਰਿਟਿਸ਼ ਏਅਰਵੇਜ਼ ਦੇ ਬੋਇੰਗ 787-8 ਡ੍ਰੀਮਲਾਈਨਰ ਨੂੰ ਤਕਨੀਕੀ ਖਰਾਬੀ ਕਾਰਨ ਵਾਪਸ ਪਰਤਣਾ ਪਿਆ। ਲੁਫਥਾਂਸਾ ਏਅਰਲਾਈਨਜ਼ (ਜਰਮਨੀ) ਦੇ ਬੋਇੰਗ 787-9 ਡ੍ਰੀਮਲਾਈਨਰ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ ਸੀ। ਇਸ ਕਾਰਨ ਜਹਾਜ਼ ਨੂੰ ਲੈਂਡ ਕਰਨ ਦੀ ਇਜਾਜ਼ਤ ਨਹੀਂ ਮਿਲੀ ਤੇ ਵਾਪਸ ਪਰਤਣਾ ਪਿਆ। ਯਾਦ ਰਹੇ 12 ਜੂਨ ਨੂੰ ਇੱਕ ਬੋਇੰਗ 787-8 ਡ੍ਰੀਮਲਾਈਨਰ ਜਹਾਜ਼ ਦੋ ਮਿੰਟਾਂ ਦੇ ਅੰਦਰ ਅਹਿਮਦਾਬਾਦ ਵਿੱਚ ਹਾਦਸਾਗ੍ਰਸਤ ਹੋ ਗਿਆ ਸੀ। ਪਾਇਲਟ-ਕਰੂ ਸਮੇਤ 242 ਲੋਕਾਂ ਵਿੱਚੋਂ 241 ਦੀ ਮੌਤ ਹੋ ਗਈ ਸੀ। ਇਸ ਹਾਦਸੇ ਵਿੱਚ ਸਿਰਫ਼ ਇੱਕ ਯਾਤਰੀ ਬਚਿਆ ਹੈ। ਹਾਸਲ ਜਾਣਕਾਰੀ ਮੁਤਾਬਕ ਬ੍ਰਿਟਿਸ਼ ਏਅਰਵੇਜ਼ ਦੀ ਉਡਾਣ 2135 ਡ੍ਰੀਮਲਾਈਨਰ 787-8 ਲੰਡਨ ਤੋਂ ਚੇਨਈ ਆ ਰਹੀ ਸੀ। ਤਕਨੀਕੀ ਨੁਕਸ (ਫਲੈਪ ਫੇਲ੍ਹ) ਕਾਰਨ ਡੋਵਰ ਦੇ ਨੇੜੇ ਚੱਕਰ ਲਗਾਉਣ ਤੋਂ ਬਾਅਦ ਹੀਥਰੋ ਵਾਪਸ ਪਰਤ ਗਈ। ਬ੍ਰਿਟਿਸ਼ ਏਅਰਵੇਜ਼ ਨੇ ਉਡਾਣ ਦੇ ਟੇਕਆਫ ਸਮੇਂ, ਯਾਤਰੀਆਂ ਤੇ ਚਾਲਕ ਦਲ ਦੀ ਗਿਣਤੀ ਤੇ ਲੈਂਡਿੰਗ ਤੋਂ ਪਹਿਲਾਂ ਜਹਾਜ਼ ਦੇ ਹਵਾ ਵਿੱਚ ਹੋਣ ਦੇ ਸਮੇਂ ਦਾ ਖੁਲਾਸਾ ਨਹੀਂ ਕੀਤਾ। ਹਾਲਾਂਕਿ, ਲਾਈਵ ਫਲਾਈਟ ਟਰੈਕਿੰਗ ਵੈੱਬਸਾਈਟ ਅਨੁਸਾਰ ਬ੍ਰਿਟਿਸ਼ ਏਅਰਵੇਜ਼ ਦੀ ਉਡਾਣ 2135 ਐਤਵਾਰ ਦੁਪਹਿਰ 12:40 ਵਜੇ ਰਵਾਨਾ ਹੋਣੀ ਸੀ ਤੇ ਸੋਮਵਾਰ ਸਵੇਰੇ 3.30 ਵਜੇ ਚੇਨਈ ਪਹੁੰਚਣੀ ਸੀ। ਉਡਾਣ ਦੁਪਹਿਰ 1.16 ਵਜੇ ਉਡਾਣ ਭਰੀ ਤੇ ਹਵਾਈ ਅੱਡੇ 'ਤੇ ਵਾਪਸ ਆਉਣ ਤੋਂ ਪਹਿਲਾਂ ਲਗਪਗ ਦੋ ਘੰਟੇ ਹਵਾ ਵਿੱਚ ਰਹੀ। ਇਸੇ ਤਰ੍ਹਾਂ ਜਰਮਨੀ ਤੋਂ ਹੈਦਰਾਬਾਦ ਆ ਰਹੀ ਲੁਫਥਾਂਸਾ ਏਅਰਲਾਈਨਜ਼ ਦੀ ਉਡਾਣ ਨੂੰ ਐਤਵਾਰ ਸ਼ਾਮ ਨੂੰ ਉਡਾਣ ਭਰਨ ਤੋਂ ਬਾਅਦ ਫਰੈਂਕਫਰਟ ਹਵਾਈ ਅੱਡੇ 'ਤੇ ਵਾਪਸ ਆਉਣਾ ਪਿਆ।

## ਮੁੱਖ ਮੰਤਰੀ ਭਗਵੰਤ ਮਾਨ ਦੀ ਮੁੜ ਵਿਗੜੀ ਸਿਹਤ ! ਪੀ. ਜੀ. ਆਈ. ਤੋਂ ਸੱਦਣੇ ਪਏ ਸਪੈਸ਼ਿਲਸਟ ਡਾਕਟਰ, ਪਰ ਦੱਬੀ ਜਾ ਰਹੀ ਖ਼ਬਰ, ਮਜੀਠੀਆ ਦਾ ਵੱਡਾ ਦਾਅਵਾ

**ਚੰਡੀਗੜ੍ਹ, 16 ਜੂਨ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਅਕਾਲੀ ਦਲ ਦੇ ਲੀਡਰ ਬਿਕਰਮ



ਸਿੰਘ ਮਜੀਠੀਆ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਸਿਹਤ ਨੂੰ ਲੈ ਕੇ ਵੱਡਾ ਦਾਅਵਾ ਕੀਤਾ ਹੈ। ਮਜੀਠੀਆ ਨੇ ਸੋਸ਼ਲ ਮੀਡੀਆ



ਉੱਤੇ ਵੀਡੀਓ ਸਾਂਝੀ ਕਰਦਿਆਂ ਕਿਹਾ ਕਿ ਅੱਜ ਸਵੇਰੇ ਮੁੱਖ ਮੰਤਰੀ ਦੀ ਸਿਹਤ ਵਿਗੜਨ ਕਾਰਨ ਪੀਜੀਆਈ (ਪੋਸਟ ਗ੍ਰੈਜੂਏਟ ਇੰਸਟੀਚਿਊਟ ਆਫ਼ ਮੈਡੀਕਲ ਐਜੂਕੇਸ਼ਨ ਐਂਡ ਰਿਸਰਚ) ਦੇ ਸਪੈਸ਼ਿਲਸਟ ਡਾਕਟਰ ਮੁੱਖ ਮੰਤਰੀ ਨਿਵਾਸ 'ਤੇ ਪਹੁੰਚੇ ਹਨ। ਮਜੀਠੀਆ ਨੇ ਕਿਹਾ, "ਸਰਹੱਦੀ ਸੂਬੇ ਦਾ ਮੁੱਖ ਮੰਤਰੀ ਤੰਦਰੁਸਤ ਹੋਣਾ ਚਾਹੀਦਾ ਹੈ। ਭਗਵੰਤ ਮਾਨ ਦੀ ਜਲਦ ਸਿਹਤਯਾਬੀ ਲਈ ਮੈਂ ਦੁਆ ਕਰਦਾ ਹਾਂ।" ਉਹਨਾਂ ਨੇ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਮੁੱਖ ਮੰਤਰੀ ਦੀ ਸਿਹਤ ਦਾ ਬੁਲੇਟਿਨ ਜਾਰੀ ਕਰੇ, ਤਾਂ ਜੋ ਲੋਕਾਂ ਨੂੰ ਸਹੀ ਜਾਣਕਾਰੀ ਮਿਲ ਸਕੇ। ਮਜੀਠੀਆ ਨੇ ਸੋਸ਼ਲ ਮੀਡੀਆ ਉੱਤੇ ਲਿਖਿਆ, ਭਗਵੰਤ ਮਾਨ ਜੀ ਦੀ ਸਿਹਤ ਬਾਰੇ ਨਵੀਂ ਅਪਡੇਟ, ਅੱਜ ਸਵੇਰੇ ਹਾਲਤ ਵਿਗੜਨ ਕਾਰਨ ਪੀਜੀਆਈ ਤੋਂ ਸਪੈਸ਼ਿਲਸਟ ਡਾਕਟਰ ਮੁੱਖ ਮੰਤਰੀ ਨਿਵਾਸ ਪਹੁੰਚੇ। ਸਰਹੱਦੀ ਸੂਬੇ ਦਾ ਮੁੱਖ ਮੰਤਰੀ ਤੰਦਰੁਸਤ ਹੋਣਾ ਚਾਹੀਦਾ ਹੈ। ਭਗਵੰਤ ਮਾਨ ਜੀ ਦੀ ਜਲਦ ਸਿਹਤਯਾਬੀ ਲਈ ਦੁਆ ਕਰਦੇ ਹਾਂ ਅਤੇ ਸਰਕਾਰ ਨੂੰ ਮੁੱਖ ਮੰਤਰੀ ਦੀ ਸਿਹਤ ਦਾ ਬੁਲੇਟਿਨ ਜਾਰੀ ਕਰਨ ਦੀ ਗੁਜ਼ਾਰਿਸ਼ ਕਰਦੇ ਹਾਂ। ਇਸ ਮੌਕੇ ਮਜੀਠੀਆ ਨੇ ਸਵਾਲ ਚੁੱਕਦਿਆਂ ਕਿਹਾ ਕਿ ਮੁੱਖ ਮੰਤਰੀ ਦੀ ਸਿਹਤ ਨੂੰ ਲੈ ਕੇ ਸਾਰੇ ਮਾਮਲੇ ਗੁਪਤ ਰੱਖੇ ਜਾਂਦੇ ਹਨ, ਇਸ ਵਾਰ ਵੀ ਖ਼ਬਰ ਨੂੰ ਦਬਾਇਆ ਜਾ ਰਿਹਾ ਤੇ ਲੋਕਾਂ ਤੋਂ ਸੱਚ ਲਕੋਇਆ ਜਾ ਰਿਹਾ। ਮਜੀਠੀਆ ਨੇ ਦਾਅਵਾ ਕੀਤਾ ਕਿ ਵੱਧ ਸ਼ਰਾਬ ਪੀਣ ਕਰਕੇ ਮੁੜ ਪਹਿਲਾਂ ਵਾਲੀ ਦਿੱਕਤ ਹੋਈ ਹੈ। ਇਸ ਵਾਰ ਤਾਂ ਹਲਾਤ ਇਹ ਬਣ ਗਏ ਹਨ ਕਿ ਪੀਜੀਆਈ ਤੋਂ ਡਾਕਟਰ ਨੂੰ ਲਿਆਉਣਾ ਪਿਆ ਹੈ। ਮਜੀਠੀਆ ਨੇ ਕਿਹਾ ਕਿ ਉਹ ਲੁਧਿਆਣਾ ਦੇ ਚੋਣ ਪ੍ਰਚਾਰ ਵਿੱਚੋਂ ਵੀ ਗਾਇਬ ਹਨ ਤੇ ਸ਼ਾਇਦ ਚੋਣਾਂ ਵਾਲੇ ਦਿਨ ਤੱਕ ਠੀਕ ਵਾ ਹੋਣ, ਮਜੀਠੀਆ ਨੇ ਕਿਹਾ ਕਿ ਮੇਰੇ ਸੂਤਰ ਦੱਸਦੇ ਹਨ ਕਿ ਇਸ ਵਾਰ ਸਿਹਤ ਕਾਫੀ ਨਾਜ਼ੁਕ ਹੈ ਜਿਸ ਦੀ ਵਜ੍ਹਾ ਸ਼ਰਾਬ ਦੱਸੀ ਜਾ ਰਹੀ ਹੈ ਪਰ ਸਰਕਾਰ ਨੂੰ ਸੱਚ ਦੱਸਣਾ ਚਾਹੀਦਾ ਹੈ।

## ਪੁਲਿਸ ਨੇ ਦਿਖਾਈ ਫੁਰਤੀ..! ਦੀਪਿਕਾ ਲੂਥਰਾ ਨੂੰ ਦਿੱਤੀ ਪੁਲਿਸ ਸੁਰੱਖਿਆ

**ਅੰਮ੍ਰਿਤਸਰ, 16 ਜੂਨ (ਆਵਾਜ਼ਿ ਕੌਮ ਬਿਊਰੋ)**-ਸੋਸ਼ਲ ਮੀਡੀਆ ਉੱਤੇ ਵੀਡੀਓ ਪਾਕੇ ਮਸ਼ਹੂਰ ਹੋਈ ਦੀਪਿਕਾ ਲੂਥਰਾ ਨੂੰ ਅੰਮ੍ਰਿਤਸਰ ਜ਼ਿਲ੍ਹਾ ਪੁਲਿਸ ਨੇ ਸੁਰੱਖਿਆ ਪ੍ਰਦਾਨ ਕੀਤੀ ਹੈ। ਪੁਲਿਸ ਨੇ ਉਸਦੀ ਸੁਰੱਖਿਆ



ਲਈ ਦੋ ਬੰਦੂਕਧਾਰੀ ਦਿੱਤੇ ਹਨ। ਪੁਲਿਸ ਕਰਮਚਾਰੀ ਉਸਦੇ ਘਰ ਦੇ ਬਾਹਰ 24 ਘੰਟੇ ਤਾਇਨਾਤ ਰਹਿਣਗੇ। ਧਮਕੀ ਤੋਂ ਬਾਅਦ, ਦੀਪਿਕਾ ਨੇ ਪੁਲਿਸ ਅਧਿਕਾਰੀਆਂ ਤੋਂ ਸੁਰੱਖਿਆ ਦੀ ਮੰਗ ਕੀਤੀ ਸੀ। ਦਰਅਸਲ, ਅੰਮ੍ਰਿਤਪਾਲ ਸਿੰਘ ਮਹਿਰੋਂ ਨੇ ਦੋਹਰੇ ਅਰਥਾਂ ਵਾਲੀ ਸਮੱਗਰੀ ਕਾਰਨ ਉਸਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ ਹੈ। ਇਸ ਦੇ ਨਾਲ ਹੀ ਬੱਬਰ



ਖਾਲਸਾ ਇੰਟਰਨੈਸ਼ਨਲ ਤੋਂ ਉਸਨੂੰ ਇੱਕ ਧਮਕੀ ਭਰਿਆ ਈ-ਮੇਲ ਵੀ ਭੇਜਿਆ ਗਿਆ ਹੈ। ਦੀਪਿਕਾ ਦੀ ਸ਼ਿਕਾਇਤ 'ਤੇ ਪੁਲਿਸ ਨੇ ਸਾਈਬਰ ਸੈੱਲ ਪੁਲਿਸ ਸਟੇਸ਼ਨ ਵਿੱਚ ਅੰਮ੍ਰਿਤਪਾਲ ਸਿੰਘ ਮਹਿਰੋਂ ਵਿਰੁੱਧ ਕੇਸ ਦਰਜ ਕੀਤਾ ਹੈ। ਅੰਮ੍ਰਿਤਪਾਲ ਸਿੰਘ ਮਹਿਰੋਂ ਉੱਤੇ ਦੋਸ਼ ਹੈ ਕਿ ਉਸ ਨੇ ਪਹਿਲਾਂ ਹੀ ਲੁਧਿਆਣਾ ਦੀ ਪ੍ਰਭਾਵਕ ਕੰਚਨ ਉਰਫ਼ ਕਮਲ ਨੂੰ ਬਠਿੰਡਾ ਵਿੱਚ ਮਾਰ ਦਿੱਤਾ ਸੀ ਤੇ ਉਸਦੀ ਲਾਸ਼ ਨੂੰ ਬਠਿੰਡਾ ਦੇ ਆਦੇਸ਼ ਹਸਪਤਾਲ ਦੀ ਪਾਰਕਿੰਗ ਵਿੱਚ ਉਸਦੀ ਕਾਰ ਵਿੱਚ ਛੱਡ ਦਿੱਤਾ ਸੀ ਜਿਸ ਤੋਂ ਬਾਅਦ ਅੰਮ੍ਰਿਤਪਾਲ ਸਿੰਘ ਮਹਿਰੋਂ ਯੂਏਈ ਭੱਜ ਗਿਆ ਹੈ। ਪੁਲਿਸ ਉਸਨੂੰ ਡਿਪੋਰਟ ਕਰਨ ਦੀ ਤਿਆਰੀ ਕਰ ਰਹੀ ਹੈ। ਅੰਮ੍ਰਿਤਪਾਲ ਸਿੰਘ ਮਹਿਰੋਂ ਨੇ ਆਪਣੀ ਵੀਡੀਓ ਵਿੱਚ ਦੀਪਿਕਾ ਲੂਥਰਾ ਨੂੰ ਜਾਨੋਂ ਮਾਰਨ ਦੀ ਧਮਕੀ ਦਿੱਤੀ ਸੀ। ਉਸਨੇ ਕਿਹਾ ਸੀ ਕਿ ਪਾਰਕਿੰਗ ਸਿਰਫ ਬਠਿੰਡਾ ਵਿੱਚ ਹੀ ਨਹੀਂ ਬਲਕਿ ਹਰ ਸ਼ਹਿਰ ਵਿੱਚ ਹੈ। ਦੂਜੇ ਪਾਸੇ, ਦੀਪਿਕਾ ਲੂਥਰਾ ਦਾ ਕਹਿਣਾ ਹੈ ਕਿ ਉਹ ਪਹਿਲਾਂ ਦੋਹਰੇ ਅਰਥ ਵਾਲੀ ਸਮੱਗਰੀ ਬਣਾਉਂਦੀ ਸੀ ਪਰ ਜਦੋਂ ਅੰਮ੍ਰਿਤਪਾਲ ਸਿੰਘ ਮਹਿਰੋਂ ਨੇ ਉਸਨੂੰ ਚੇਤਾਵਨੀ ਦਿੱਤੀ ਤਾਂ ਉਸਨੇ ਉਸ ਤੋਂ ਮੁਆਫੀ ਵੀ ਮੰਗੀ। ਪਰ ਹੁਣ ਉਹ ਉਸਨੂੰ ਦੁਬਾਰਾ ਨਿਸ਼ਾਨਾ ਬਣਾ ਰਿਹਾ ਹੈ। ਦੱਸ ਦਈਏ ਕਿ ਅੰਮ੍ਰਿਤਪਾਲ ਸਿੰਘ ਮਹਿਰੋਂ ਨੇ ਇੱਕ ਵੀਡੀਓ ਸੰਦੇਸ਼ ਵਿੱਚ ਦੀਪਿਕਾ ਲੂਥਰਾ ਨੂੰ ਸਖ਼ਤ ਚੇਤਾਵਨੀ ਦਿੱਤੀ। ਅੰਮ੍ਰਿਤਪਾਲ ਸਿੰਘ ਮਹਿਰੋਂ ਨੇ ਕਿਹਾ ਕਿ ਦੀਪਿਕਾ ਨੂੰ ਅਸ਼ਲੀਲ ਸਮੱਗਰੀ ਬਣਾਉਣਾ ਬੰਦ ਕਰ ਦੇਣਾ ਚਾਹੀਦਾ ਹੈ, ਕਿਉਂਕਿ ਇਸਦਾ ਪੰਜਾਬ ਦੇ ਬੱਚਿਆਂ 'ਤੇ ਬੁਰਾ ਪ੍ਰਭਾਵ ਪੈਂਦਾ ਹੈ। ਪਾਰਕਿੰਗ ਸਿਰਫ਼ ਬਠਿੰਡਾ ਵਿੱਚ ਹੀ ਨਹੀਂ, ਸਗੋਂ ਹਰ ਸ਼ਹਿਰ ਵਿੱਚ ਹੈ ਅਤੇ ਇਹ ਜ਼ਰੂਰੀ ਨਹੀਂ ਹੈ ਕਿ ਲਾਸ਼ਾਂ ਮਿਲਣ। ਤੁਹਾਨੂੰ ਦੱਸ ਦੇਈਏ ਕਿ ਕਮਲ ਭਾਬੀ ਦੀ ਲਾਸ਼, ਜਿਸ ਦੇ ਕਤਲ ਦਾ ਅੰਮ੍ਰਿਤਪਾਲ ਸਿੰਘ ਮਹਿਰੋਂ 'ਤੇ ਦੋਸ਼ ਹੈ, ਬਠਿੰਡਾ ਹਸਪਤਾਲ ਦੀ ਪਾਰਕਿੰਗ ਵਿੱਚ ਮਿਲੀ ਸੀ। ਅੰਮ੍ਰਿਤਪਾਲ ਸਿੰਘ ਮਹਿਰੋਂ ਨੇ ਇਹ ਵੀ ਕਿਹਾ ਕਿ ਦੀਪਿਕਾ ਨੇ ਪਹਿਲਾਂ ਮੁਆਫੀ ਮੰਗੀ ਹੈ ਪਰ, ਉਸਨੇ ਫਿਰ ਤੋਂ ਸੋਸ਼ਲ ਮੀਡੀਆ 'ਤੇ ਅਸ਼ਲੀਲ ਪੋਸਟਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਇਸ ਲਈ ਅਸੀਂ ਉਸਨੂੰ ਦੁਬਾਰਾ ਚੇਤਾਵਨੀ ਦਿੱਤੀ ਹੈ।

## ਅਮਰੀਕਾ ਦਾ ਜੰਗੀ ਬੇੜਾ ਮਿਡਲ ਈਸਟ ਲਈ ਰਵਾਨਾ, ਇਜ਼ਰਾਈਲ-ਈਰਾਨ ਯੁੱਧ ਵਿੱਚ ਹੋਵੇਗਾ ਸ਼ਾਮਲ ?

**ਵਾਸ਼ਿੰਗਟਨ, 16 ਜੂਨ (ਆਵਾਜ਼ਿ ਕੌਮ ਬਿਊਰੋ)**-ਜਹਾਜ਼ ਟਰੈਕਿੰਗ ਵੈੱਬਸਾਈਟ ਮਰੀਨ ਟ੍ਰੈਫਿਕ ਦੀ ਰਿਪੋਰਟ ਅਨੁਸਾਰ, ਸੋਮਵਾਰ ਸਵੇਰੇ ਅਮਰੀਕੀ ਜਹਾਜ਼ ਵਾਹਕ ਯੂਐਸਐਸ ਨਿਮਿਟਜ਼ ਨੂੰ ਦੱਖਣੀ ਚੀਨ ਸਾਗਰ ਰਾਹੀਂ ਪੱਛਮ ਵੱਲ ਵਧਦੇ ਦੇਖਿਆ



ਗਿਆ। ਨਿਮਿਟਜ਼ ਕੈਰੀਅਰ ਦੀ ਇਹ ਹਿੱਲਜੁੱਲ ਉਸ ਸਮੇਂ ਆਈ ਜਦੋਂ ਵੀਅਤਨਾਮ ਦੇ ਦਾਨਾਂਗ ਸ਼ਹਿਰ ਵਿੱਚ ਇਸਦੇ ਨਿਰਧਾਰਤ ਬੰਦਰਗਾਹ ਕਾਲ ਲਈ ਇੱਕ ਸਵਾਗਤ ਸਮਾਰੋਹ ਰੱਦ ਕਰ ਦਿੱਤਾ ਗਿਆ ਸੀ। ਇਸ ਹਫ਼ਤੇ ਇਸ ਦੌਰੇ ਲਈ ਦਾਨਾਂਗ ਸ਼ਹਿਰ ਵਿੱਚ 20 ਜੂਨ ਨੂੰ ਇੱਕ ਰਸਮੀ ਸਵਾਗਤ ਸਮਾਰੋਹ ਤਹਿ ਕੀਤਾ ਗਿਆ ਸੀ, ਪਰ ਦੋ ਸੂਤਰਾਂ, ਜਿਨ੍ਹਾਂ ਵਿੱਚੋਂ ਇੱਕ ਕੂਟਨੀਤਕ ਅਧਿਕਾਰੀ ਸੀ, ਨੇ ਕਿਹਾ ਕਿ ਸਮਾਰੋਹ ਅਚਾਨਕ ਰੱਦ ਕਰ ਦਿੱਤਾ ਗਿਆ। ਰਾਇਟਰਜ਼ ਨੇ ਇੱਕ ਹੋਰ ਸਰੋਤ ਦੇ ਹਵਾਲੇ ਨਾਲ ਕਿਹਾ ਕਿ ਹਨੋਈ ਵਿੱਚ ਅਮਰੀਕੀ ਦੂਤਾਵਾਸ ਨੇ ਰੱਦ ਕਰਨ ਦੀ ਜਾਣਕਾਰੀ ਦਿੱਤੀ ਅਤੇ ਇਸਨੂੰ "ਐਮਰਜੈਂਸੀ ਸੰਚਾਲਨ ਜ਼ਰੂਰਤ" ਨਾਲ ਜੋੜਿਆ। ਰਾਇਟਰਜ਼ ਦੀ ਰਿਪੋਰਟ ਅਨੁਸਾਰ, ਅਮਰੀਕੀ ਦੂਤਾਵਾਸ ਨੇ ਟਿੱਪਣੀ ਲਈ ਬੇਨਤੀ ਦਾ ਤੁਰੰਤ ਜਵਾਬ ਨਹੀਂ ਦਿੱਤਾ। ਯੂਐਸਐਸ ਨਿਮਿਟਜ਼ ਕੈਰੀਅਰ ਸਟ੍ਰਾਈਕ ਗਰੁੱਪ ਨੇ ਪਿਛਲੇ ਹਫ਼ਤੇ ਦੱਖਣੀ ਚੀਨ ਸਾਗਰ ਵਿੱਚ ਸਮੁੰਦਰੀ ਸੁਰੱਖਿਆ ਕਾਰਵਾਈਆਂ ਕੀਤੀਆਂ। ਯੂਐਸ ਪੈਸੀਫਿਕ ਫਲੀਟ ਦੇ ਕਮਾਂਡਰ ਦੀ ਵੈੱਬਸਾਈਟ ਦੇ ਅਨੁਸਾਰ, ਇਹ ਕਾਰਵਾਈ "ਇੰਡੋ-ਪੈਸੀਫਿਕ ਖੇਤਰ ਵਿੱਚ ਅਮਰੀਕੀ ਜਲ ਸੈਨਾ ਦੀ ਨਿਯਮਤ ਮੌਜੂਦਗੀ" ਦਾ ਹਿੱਸਾ ਸੀ। ਜਹਾਜ਼ ਟਰੈਕਿੰਗ ਡੇਟਾ ਦੇ ਅਨੁਸਾਰ, ਯੂਐਸਐਸ ਨਿਮਿਟਜ਼ ਸੋਮਵਾਰ ਸਵੇਰੇ ਪੱਛਮ ਵੱਲ ਜਾ ਰਿਹਾ ਸੀ, ਮੱਧ ਪੂਰਬ ਵੱਲ ਜਾ ਰਿਹਾ ਸੀ, ਜਿੱਥੇ ਇਸ ਸਮੇਂ ਇਜ਼ਰਾਈਲ ਅਤੇ ਈਰਾਨ ਵਿਚਕਾਰ ਤਣਾਅ ਅਤੇ ਟਕਰਾਅ ਵਧ ਰਿਹਾ ਹੈ। ਖੇਤਰ ਵਿੱਚ ਸਥਿਤੀ ਦੀ ਗੰਭੀਰਤਾ ਨੂੰ ਦੇਖਦੇ ਹੋਏ ਅਮਰੀਕੀ ਜਲ ਸੈਨਾ ਦੇ ਇਸ ਕਦਮ ਨੂੰ ਰਣਨੀਤਕ ਤੌਰ 'ਤੇ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ ਕੁੱਲ ਮਿਲਾ ਕੇ, ਯੂਐਸਐਸ ਨਿਮਿਟਜ਼ ਦਾ ਦੱਖਣੀ ਚੀਨ ਸਾਗਰ ਛੱਡ ਕੇ ਪੱਛਮ ਵੱਲ ਵਧਣਾ ਅਤੇ ਵੀਅਤਨਾਮ ਵਿੱਚ ਆਪਣੀ ਪੋਰਟ ਕਾਲ ਰੱਦ ਕਰਨਾ ਖੇਤਰੀ ਸੁਰੱਖਿਆ 'ਤੇ ਅਮਰੀਕੀ ਰਣਨੀਤੀ ਵਿੱਚ ਤਬਦੀਲੀ ਦਾ ਸੰਕੇਤ ਦੇ ਸਕਦਾ ਹੈ। ਹਾਲਾਂਕਿ, ਅਮਰੀਕੀ ਅਧਿਕਾਰੀਆਂ ਦੁਆਰਾ ਅਜੇ ਤੱਕ ਕੋਈ ਵਿਸਤ੍ਰਿਤ ਜਾਣਕਾਰੀ ਜਾਰੀ ਨਹੀਂ ਕੀਤੀ ਗਈ ਹੈ।

Nankana Sahib Yatra Committe Uk



Pakistan Gurdwara Yatra

28th October to 7th November 2025

Yatra Includes 25+ Gurudwara Sahib Darshan.

Accommodation in hotels and travel within Pakistan and Yatra Start to Finish Point in AC Coaches

ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ

£1050

Important Note: The Jatha will depart from Jalandhar Punjab from 28th October to 7th November 2025 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1050 pounds including visa, transport, hotel stay and break fast and Dinner.

Note: It does not include flight ticket and insurance, it has to be done by the passenger himself.

ਜਰੂਰੀ ਨੋਟ : ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 28 ਅਕਤੂਬਰ ਜਲੰਧਰ ਤੋਂ 7 ਨਵੰਬਰ 2025 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ । ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਅਤੇ ਰਾਤ ਦੇ ਖਾਣੇ ਸਮੇਤ 1050 ਪੌਂਡ ਹੋਵੇਗਾ।

ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।

★-- ਗੁਰੂ ਪੰਥ ਦੇ ਸੇਵਾਦਾਰ --★

ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK

- ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall
  +447976210161
- ਭਾਈ ਬਲਜੀਤ ਸਿਘ ਕੰਗ/Bhai Baljit Singh Kang
  +44 7780 605230
- ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)
  +44 7568 517223








ਆਵਾਜ਼ਿ ਕੌਮ
Daily Newspaper from U.K.
Publisher/Chief Editor
**Raghbir Singh Walsal**
E-mail : awazeqaumtv@gmail.com
www.awazeqaumtv.com
for AWAZE QAUM Channel
https://youtu.be/LQwolgxDu7l
Contact :
+447458381111
+447976210161
+919729091243




ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk

**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ



ਸ੍ਰੀ ਵਾਹਿਗੁਰੂ ਜੀ ਕੀ ਫਤਿਹ

ਚਰਨ ਸ਼ਰਨ ਗੁਰ ਏਕ ਪੈਂਡਾ ਜਾਇ ਚਲ ਸਤਿਗੁਰੁ ਕੋਟਿ ਪੈਂਡਾ ਆਗੇ ਹੋਇ ਲੇਤ ਹੈ॥

ਮਨੁੱਖਤਾ ਦੇ ਰਹਿਬਰ ਤਾਰਨਹਾਰ ਜਗਤ ਗੁਰੂ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ

# ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ. ਕੇ.

## ਵੱਲੋਂ ਪਾਕਿਸਤਾਨ ਦੇ ਇਤਿਹਾਸਕ ਸਿੱਖ ਗੁਰਦੁਆਰਾ ਸਾਹਿਬਾਨ ਦੀ ਯਾਤਰਾ

## 28 ਅਕਤੂਬਰ 2025 ਤੋਂ 7 ਨਵੰਬਰ 2025 ਤੱਕ ਹੋਵੇਗੀ



### ਗੁਰੂ ਪਿਆਰੀ ਸਾਧ ਸੰਗਤ ਜੀਓ, ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ

ਆਪ ਜੀ ਨੂੰ ਇਹ ਜਾਣ ਕੇ ਅਤਿਅੰਤ ਖੁਸ਼ੀ ਹੋਵੇਗੀ ਕਿ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਵੱਲੋਂ ਇੱਕ ਵਿਸ਼ਾਲ ਜਥੇ ਸਮੇਤ ਪਾਕਿਸਤਾਨ ਵਿਖੇ ਸਿੱਖ ਇਤਿਹਾਸਕ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕੀਤੀ ਜਾ ਰਹੀ ਹੈ। ਹਰ ਸਿੱਖ ਆਪਣੀ ਅਰਦਾਸ ਵਿੱਚ ਪੰਥ ਤੋਂ ਵਿਛੜੇ ਹੋਏ ਜਿਨ੍ਹਾਂ ਗੁਰਦੁਆਰਾ ਸਾਹਿਬਾਨ ਦਾ ਜ਼ਿਕਰ ਕਰਦਾ ਹੈ ਉਹਨਾਂ ਦੇ ਦਰਸ਼ਨ ਦੀਦਾਰੇ ਕਰਕੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਦਾ ਸੁਨਹਿਰੀ ਮੌਕਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਨਨਕਾਣਾ ਸਾਹਿਬ ਦੀ ਧਰਤੀ ਤੇ ਮਨਾਉਣ ਦੀਆਂ ਤਿਆਰੀਆਂ ਹੁਣ ਤੋਂ ਹੀ ਆਰੰਭ ਕਰਕੇ ਪਰਿਵਾਰਾਂ ਸਮੇਤ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਾਉਣ ਲਈ ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂਕੇ ਨਾਲ ਸੰਪਰਕ ਕਰੋ ਜੀ।

ਪਾਕਿਸਤਾਨ ਵਿਖੇ ਸ੍ਰੀ ਨਨਕਾਣਾ ਸਾਹਿਬ ਤੋਂ ਇਲਾਵਾ 25 ਹੋਰ ਗੁਰਦੁਆਰਾ ਸਾਹਿਬਾਨ ਦੇ ਦਰਸ਼ਨ

**£1050**

Important Note: The Jatha will depart from Jalandhar Punjab from 28th October to 7th November 2025 to visit Gurdwara Sahibs of Pakistan with Nankana Sahib Yatra Committee and will end back at Jalandhar. The cost of traveling from Jalandhar to Jalandhar will be 1050 pounds including visa, transport, hotel stay and break fast and Dinner.

**Note: It does not include flight ticket and insurance, it has to be done by the passenger himself.**

**ਜਰੂਰੀ ਨੋਟ :** ਨਨਕਾਣਾ ਸਾਹਿਬ ਯਾਤਰਾ ਕਮੇਟੀ ਨਾਲ ਪਾਕਿਸਤਾਨ ਦੇ ਗੁਰਦੁਆਰਾ ਸਾਹਿਬਾਨ ਦੀ ਯਾਤਰਾ ਕਰਨ ਲਈ ਜਥਾ 28 ਅਕਤੂਬਰ ਜਲੰਧਰ ਤੋਂ 7 ਨਵੰਬਰ 2025 ਤੱਕ ਜਲੰਧਰ ਪੰਜਾਬ ਤੋਂ ਰਵਾਨਾ ਹੋਵੇਗਾ ਤੇ ਜਲੰਧਰ ਵਾਪਸ ਸਮਾਪਤ ਹੋਵੇਗਾ । ਜਲੰਧਰ ਤੋਂ ਜਲੰਧਰ ਆਉਣ ਜਾਣ ਦਾ ਖਰਚਾ ਵੀਜ਼ਾ, ਟਰਾਂਸਪੋਰਟ ਤੇ ਹੋਟਲ ਵਿੱਚ ਰਹਿਣ ਅਤੇ ਬਰੇਕ ਫਾਸਟ ਅਤੇ ਰਾਤ ਦੇ ਖਾਣੇ ਸਮੇਤ 1050 ਪੌਂਡ ਹੋਵੇਗਾ।

**ਨੋਟ : ਇਸ ਵਿੱਚ ਜਹਾਜ਼ ਦੀ ਟਿਕਟ ਤੇ ਇੰਸ਼ੋਰੈਂਸ ਨਹੀਂ ਹੈ, ਉਹ ਯਾਤਰੀ ਨੇ ਆਪਣੇ ਆਪ ਕਰਵਾਉਣੀ ਹੈ।**

## ਯਾਤਰਾ ਦੌਰਾਨ ਰਿਹਾਇਸ਼ ਦਾ ਪ੍ਰਬੰਧ ਲਗਜ਼ਰੀ ਹੋਟਲ ਵਿੱਚ ਹੋਵੇਗਾ।

ਬ੍ਰਿਟਿਸ਼ ਪਾਸਪੋਰਟ ਲਈ 2 ਫੋਟੋ ਅਤੇ ਇੰਡੀਅਨ ਪਾਸਪੋਰਟ ਵਾਲੇ 2 ਫੋਟੋ, ਐਪਲੀਕੇਸ਼ਨ ਫਾਰਮ ਨਾਲ ਭੇਜੀਆਂ ਜਾਣ।

- ਯਾਤਰੀ ਆਪਣੇ ਨਾਮ ਛੇਤੀ ਤੋਂ ਛੇਤੀ ਦਿੱਤੇ ਗਏ ਨੰਬਰਾਂ 'ਤੇ ਨਾਮ ਲਿਖਵਾਉਣ ਦੀ ਕ੍ਰਿਪਾਲਤਾ ਕਰਨ।
- ਯਾਤਰੀਆਂ ਦੇ ਪਾਸਪੋਰਟ ਦੀ ਮਿਆਦ ਅਗਲੇ ਸਾਲ ਜੂਨ ਮਹੀਨੇ ਤੱਕ ਜ਼ਰੂਰੀ ਹੈ।

**ਪ੍ਰੋਗਰਾਮ ਵਿੱਚ ਅਦਲਾ-ਬਦਲੀ ਕਰਨ ਦੇ ਪ੍ਰਬੰਧਕਾਂ ਦੇ ਹੱਕ ਰਾਖਵੇਂ ਹਨ।**

**BOOK YOUR SEATS NOW**

*-- ਗੁਰੂ ਪੰਥ ਦੇ ਸੇਵਾਦਾਰ --*

ਨਨਕਾਣਾ ਸਾਹਿਬ ਯਾਤਰਾ ਕਮੇਟੀ ਯੂ ਕੇ/Nankana Sahib Yatra Committee UK

- ਭਾਈ ਰਘਵੀਰ ਸਿੰਘ ਵਾਲਸਾਲ/Bhai Raghbir Singh walsall
  +447976210161
- ਭਾਈ ਬਲਜੀਤ ਸਿੰਘ ਕੰਗ/Bhai Baljit Singh Kang
  +44 7780 605230
- ਬਾਬਾ ਬਘੇਲ ਸਿੰਘ ਯੂ ਕੇ (ਸਿੱਖ ਪ੍ਰਚਾਰਕ)/ Baba baghail Singh UK (Sikh Parchark)
  +44 7568 517223

Website : www.nsycuk.com
E-mail : gnstuk@hotmail.com

ਆਵਾਜ਼ਿ ਕੌਮ AWAZE QAUM International Newspaper & WEB TV

### ਜੂਨ 1984 ਦੇ ਘੱਲੂਘਾਰੇ ਨੂੰ ਸਮਰਪਿਤ

# ਤਿੰਨ ਰੋਜ਼ਾ ਕੀਰਤਨ ਸਮਾਗਮ ਅਤੇ ਘੱਲੂਘਾਰਾ ਯਾਦਗਾਰੀ ਪ੍ਰਦਰਸ਼ਨੀ









**ਕਲੋਨ (ਜਰਮਨੀ), 16 ਜੂਨ (ਸਰਬਜੀਤ ਸਿੰਘ ਬਨੂੜ)**-ਗੁਰਦੁਆਰਾ ਸ੍ਰੀ ਦਸ਼ਮੇਸ਼ ਸਿੰਘ ਸਭਾ, ਕਲੋਨ ਵਿੱਚ ਅਖੰਡ ਕੀਰਤਨੀ ਜਥਾ ਜਰਮਨੀ ਵੱਲੋਂ ਜੂਨ 1984 ਦੇ ਸਿੱਖ ਨਸਲਕੁਸ਼ੀ ਦੇ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਤਿੰਨ ਰੋਜ਼ਾ ਕੀਰਤਨ ਸਮਾਗਮ ਕਰਵਾਇਆ ਗਿਆ । ਇਸ ਸਮਾਗਮ ਵਿੱਚ ਇੰਗਲੈਂਡ, ਹਾਲੈਂਡ, ਇਟਲੀ, ਫਰਾਂਸ ਅਤੇ ਜਰਮਨੀ ਤੋਂ ਆਏ ਸਚੇ ਗੁਰਸਿੱਖਾਂ ਨੇ ਰੈਣ ਸਬਾਈ ਕੀਰਤਨ ਰਾਹੀਂ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਵਰਲਡ ਸਿੱਖ ਪਾਰਲੀਮੈਂਟ ਵੱਲੋਂ ਲਗਾਈ ਗਈ ਘੱਲੂਘਾਰਾ ਯਾਦਗਾਰੀ ਪ੍ਰਦਰਸ਼ਨੀ ਨੇ ਨੌਜਵਾਨ ਪੀੜ੍ਹੀ ਨੂੰ ਜਾਗਰੂਕ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਇਹ ਪ੍ਰਦਰਸ਼ਨੀ ਪੰਜਾਬੀ ਅਤੇ ਜਰਮਨ ਭਾਸ਼ਾ ਵਿੱਚ ਤਿਆਰ ਕੀਤੀ ਗਈ ਜੋ ਸੰਗਤਾਂ ਦੇ ਵੱਡੇ ਰੁਝਾਨ ਅਤੇ ਉਤਸ਼ਾਹ ਦਾ ਕੇਂਦਰ ਬਣੀ। ਵਰਲਡ ਸਿੱਖ ਪਾਰਲੀਮੈਂਟ ਦੇ ਭਾਈ ਗੁਰਚਰਨ ਸਿੰਘ ਗੁਰਾਇਆ ਨੇ ਕਿਹਾ ਕਿ ਸੰਘਰਸ਼ ਸਿਰਫ਼ ਇਤਿਹਾਸਕ ਯਾਦਗਾਰਾਂ ਰਾਹੀਂ ਨਹੀਂ, ਸੱਚੀ ਸਿਆਸੀ ਤੇ ਧਾਰਮਿਕ ਅਣਖ ਰਾਹੀਂ ਕੀਤਾ ਜਾਂਦਾ ਹੈ। ਉਨ੍ਹਾਂ ਭਾਰਤੀ ਹਿੰਦੂਤਵੀ ਰਾਜ ਦੀ ਨੀਤੀ ਤੇ ਸਿੱਖ ਆਗੂਆਂ ਦੀ ਅੱਜ ਦੀ ਸਥਿਤੀ ’ਤੇ ਗੰਭੀਰ ਚਿੰਤਾ ਜਤਾਈ, ਜਿੱਥੇ ਕੁਝ ਪ੍ਰਮੁੱਖ ਧਾਰਮਿਕ ਸੰਸਥਾਵਾਂ ਦੇ ਆਗੂ ਆਪਣੇ ਆਦਰਸ਼ਾਂ ਤੋਂ ਭਟਕ ਗਏ ਹਨ। ਭਾਈ ਗੁਰਚਰਨ ਸਿੰਘ ਨੇ ਸਪਸ਼ਟ ਕੀਤਾ ਕਿ ਇੱਕ ਦੂਜੇ ਦੀਆਂ ਲੀਕਾਂ ਛੋਟੀਆਂ ਕਰਨ ਦੀ ਬਜਾਏ, ਆਪਣੇ ਅੰਗ-ਅੰਗ ਵਿੱਚੋਂ ਅਜ਼ਾਦੀ ਦੀ ਚਿੰਗਾਰੀ ਨੂੰ ਵਧਾਈਏ। ਇਸ ਸਮਾਗਮ ਨੇ ਜਰਮਨ ਦੀ ਧਰਤੀ ’ਤੇ ਸਿੱਖ ਸੰਘਰਸ਼ ਦੀ ਆਵਾਜ਼ ਨੂੰ ਦੁਬਾਰਾ ਉਚਾਰਿਆ, ਜਿੱਥੇ ਕੀਰਤਨ, ਪ੍ਰਦਰਸ਼ਨੀ ਅਤੇ ਸਿਧਾਂਤਕ ਵਖਾਲਿਆਂ ਰਾਹੀਂ ਨੌਜਵਾਨ ਮਨਾਂ ਨੂੰ ਸੱਚਾਈ ਦੀ ਰਾਹ ’ਤੇ ਤਿਆਰ ਕੀਤਾ ਗਿਆ। ਅਖੰਡ ਕੀਰਤਨੀ ਜਥਾ ਜਰਮਨੀ ਦੇ ਜਥੇਦਾਰ ਭਾਈ ਸਤਨਾਮ ਸਿੰਘ ਅਤੇ ਭਾਈ ਭਵਿੰਦਰ ਸਿੰਘ ਪਹਿਲਵਾਨ ਵੱਲੋਂ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ।

### ਝੋਨੇ ਦੀ ਮਸ਼ੀਨੀ ਲਵਾਈ ਸਬੰਧੀ ਪੀ.ਏ.ਯੂ. ਦੇ ਫਾਰਮ ਸਲਾਹਕਾਰ

# ਸੇਵਾ ਕੇਂਦਰ ਸੰਗਰੂਰ ਵੱਲੋਂ ਲਗਾਇਆ ਕੈਂਪ

**ਸੰਗਰੂਰ ( ਰਣਜੀਤ ਸਿੰਘ ਪੇਧਨੀ)** - ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਫਾਰਮ ਸਲਾਹਕਾਰ ਸੇਵਾ ਕੇਂਦਰ ਸੰਗਰੂਰ ਵੱਲੋਂ ਪਿੰਡ ਆਲੋਅਰਖ ਵਿਖੇ ਝੋਨੇ ਦੀ ਮਸ਼ੀਨੀ ਲਵਾਈ ਸਬੰਧੀ ਕਿਸਾਨ ਜਾਗਰੂਕਤਾ ਕੈਂਪ ਲਗਾਇਆ ਗਿਆ। ਕੈਂਪ ਵਿੱਚ ਪਿੰਡ ਆਲੋਅਰਖ ਤੋਂ ਇਲਾਵਾ ਪਿੰਡ ਪੰਨਵਾਂ ਦੇ ਕਿਸਾਨਾਂ ਨੇ ਵੀ ਭਾਗ ਲਿਆ। ਦਿਨੋਂ-ਦਿਨ ਵਧ ਰਹੀ ਲੇਬਰ ਦੀ ਸਮੱਸਿਆ ਨੂੰ ਮੁੱਖ ਰੱਖਦੇ ਹੋਏ ਝੋਨੇ ਦੀ ਮਸ਼ੀਨੀ ਲੁਆਈ ਇੱਕ ਨਵਾਂ ਅਤੇ ਘੱਟ ਖਰਚੇ ਵਾਲਾ ਢੰਗ ਹੈ। ਪਿੰਡ ਆਲੋਅਰਖ ਦੇ ਕਿਸਾਨ ਸ. ਸੁਖਵਿੰਦਰ ਸਿੰਘ ਇਸ ਵਿਧੀ ਨਾਲ ਪਿਛਲੇ ਕਈ ਸਾਲਾਂ ਤੋਂ ਝੋਨੇ ਦੀ ਕਾਸ਼ਤ ਕਰਦਾ ਆ ਰਿਹਾ ਹੈ। ਉਸਨੂੰ ਦੇਖ ਕੇ ਨੇੜਲੇ ਪਿੰਡਾਂ ਜਿਵੇਂ ਪੰਨਵਾਂ, ਕਾਕੜਾ, ਫਤਿਹਗੜ੍ਹ ਭਾਦਸੋਂ ਆਦਿ ਦੇ ਕਿਸਾਨਾਂ ਨੇ ਵੀ ਮਸ਼ੀਨੀ ਝੋਨੇ ਦੀ ਲੁਆਈ ਕਰਨੀ ਸ਼ੁਰੂ ਕਰ ਦਿੱਤੀ ਹੈ। ਕਈ ਕਿਸਾਨ ਆਪਣਾ ਝੋਨਾ ਅਤੇ ਠੇਕੇ ਤੇ ਵੀ ਇਸ ਵਿਧੀ ਰਾਹੀਂ ਝੋਨਾ ਲਗਾ ਕੇ ਨਾਲ ਆਪਣੀ ਆਮਦਨ ਵਿੱਚ ਵਾਧਾ ਕਰ ਰਹੇ ਹਨ। ਕੈਂਪ ਦੀ ਪ੍ਰਧਾਨਗੀ ਕਰਦੇ ਹੋਏ ਕੇਂਦਰ ਦੇ ਇੰਚਾਰਜ ਡਾ. ਅਸ਼ੋਕ ਕੁਮਾਰ, ਜਿਲ੍ਹਾ ਪਸਾਰ ਵਿਗਿਆਨੀ ਨੇ ਇਸ ਢੰਗ ਨਾਲ ਲਾਏ ਝੋਨੇ ਦੇ ਫਾਇਦਿਆਂ ਬਾਰੇ ਦੱਸਦੇ ਹੋਏ ਕਿਹਾ ਕਿ ਇਸ ਵਿਧੀ ਨਾਲ ਪ੍ਰਤੀ ਵਰਗ ਮੀਟਰ ਵਿੱਚ ਵੱਧ ਬੂਟੇ ਲੱਗਣ ਨਾਲ ਝਾੜ ਦਾ ਵਾਧਾ, ਖਾਦ ਅਤੇ ਕੀਟਨਾਸ਼ਕਾਂ ਦੇ ਛਿੜਕਾਅ ਸਮੇਂ ਸੁਖਾਲਾਪਨ ਅਤੇ ਦਿਨੋਂ-ਦਿਨ ਵਧ ਰਹੀ ਲੇਬਰ ਦੀ ਸਮੱਸਿਆ ਤੋਂ ਇਜ਼ਾਦ ਪਾਇਆ ਜਾ ਸਕਦਾ ਹੈ। ਇਸ ਵਿਧੀ ਸਬੰਧੀ ਪਨੀਰੀ ਤਿਆਰ ਕਰਨ ਬਾਰੇ ਅਤੇ ਮਸ਼ੀਨਾਂ ਦੀ ਵਿਸਥਾਰਪੂਰਵਕ ਜਾਣਕਾਰੀ ਡਾ. ਸੁਨੀਲ ਕੁਮਾਰ, ਸਹਾਇਕ ਪ੍ਰੋਫੈਸਰ (ਫਾਰਮ ਪਾਵਰ ਅਤੇ ਮਸ਼ੀਨਰੀ) ਕ੍ਰਿਸ਼ੀ ਵਿਗਿਆਨ ਕੇਂਦਰ, ਖੇੜੀ ਨੇ ਦਿੱਤੀ। ਉਨ੍ਹਾਂ ਮਸ਼ੀਨਾਂ ਨੂੰ ਸਹੀ ਢੰਗ ਨਾਲ ਚਲਾਉਣ ਬਾਰੇ, ਧਿਆਨ ਰੱਖਣ ਯੋਗ ਗੱਲਾਂ, ਅਤੇ ਸਾਵਧਾਨੀਆਂ ਬਾਰੇ ਵਿਸਥਾਰਪੂਰਵਕ ਚਰਚਾ ਕੀਤੀ। ਡਾ. ਅਸ਼ੋਕ ਨੇ ਇਸ ਵਿਧੀ ਨਾਲ ਝੋਨੇ ਦੀ ਲੁਆਈ ਤੋਂ ਬਾਅਦ ਸਿਫਾਰਸ਼ ਖਾਦਾਂ ਖਾਸ ਤੌਰ ਤੇ ਯੂਰੀਆ, ਜ਼ਿੰਕ ਆਦਿ ਬਾਰੇ ਕਿਸਾਨਾਂ ਨੂੰ ਵਿਸਥਾਰਪੂਰਵਕ ਦੱਸਿਆ ਅਤੇ ਕਿਸਾਨਾਂ ਨੂੰ ਪੂਰੀ ਮਾਤਰਾ ਵਿੱਚ ਜ਼ਿੰਕ ਸਲਫੇਟ ਪਾਉਣ ਲਈ ਪ੍ਰੇਰਿਆ। ਇਸ ਢੰਗ ਨਾਲ ਲੱਗੇ ਝੋਨੇ ਨੂੰ ਦੇਖਣ ਲਈ ਨੇੜਲੇ ਪਿੰਡਾਂ ਦੇ ਕਿਸਾਨ ਕਾਫੀ ਦਿਲਚਸਪੀ ਦਿਖਾ ਰਹੇ ਸਨ। ਸ. ਰਜਿੰਦਰ ਸਿੰਘ ਪਿੰਡ ਪੰਨਵਾਂ ਵੀ ਇਸ ਵਿਧੀ ਤੋਂ ਚੰਗੀ ਤਰ੍ਹਾਂ ਜਾਣੂ ਹਨ ਅਤੇ ਹੋਰ ਕਿਸਾਨਾਂ ਨੂੰ ਵੀ ਇਸ ਢੰਗ ਬਾਰੇ ਜਾਗਰੂਕ ਕਰ ਰਹੇ ਹਨ। ਕੈਂਪ ਦੇ ਅੰਤ ਵਿੱਚ ਸਾਰੇ ਕਿਸਾਨ ਵੀਰਾਂ ਨੂੰ ਝੋਨੇ ਦੀ ਘੱਟ ਸਮੇਂ ਵਾਲੀ ਕਿਸਮ ਪੀ.ਆਰ 126 ਦੀ ਝੋਨੇ ਦੀ ਮਸ਼ੀਨੀ ਲੁਆਈ ਨਾਲ ਤਿਆਰ ਕੀਤੀ ਪਨੀਰੀ ਦਾ ਦੌਰਾ ਕੀਤਾ ਅਤੇ ਮੌਕੇ ਤੇ ਹੀ ਕਿਸਾਨਾਂ ਦੇ ਸਵਾਲਾਂ ਦੇ ਜਵਾਬ ਦਿੱਤੇ।



# ਐਡਵੋਕੇਟ ਧਾਮੀ ਨੇ ਕੇਂਦਰੀ ਮੰਤਰੀ ਸੁਕਾਂਤਾ ਮਜੂਮਦਾਰ ਵੱਲੋਂ ਸਿੱਖ ਦੀ ਦਸਤਾਰ ’ਤੇ ਚੱਪਲ ਸੁੱਟਣ ਦੀ ਕੀਤੀ ਨਿੰਦਾ



**ਅੰਮ੍ਰਿਤਸਰ, 16 ਜੂਨ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕੋਲਕਾਤਾ ਵਿਖੇ ਕੇਂਦਰੀ ਮੰਤਰੀ ਸੁਕਾਂਤਾ ਮਜੂਮਦਾਰ ਵੱਲੋਂ ਇੱਕ ਸਿੱਖ ਦੀ ਦਸਤਾਰ ’ਤੇ ਚੱਪਲ ਸੁੱਟਣ ਦੀ ਘਟਨਾ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਇਹ ਘਟਨਾ ਸਿੱਖ ਕੌਮ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀ ਹੈ। ਉਨ੍ਹਾਂ ਆਖਿਆ ਕਿ ਦਸਤਾਰ ਸਿੱਖ ਧਰਮ ਦਾ ਅਟੁੱਟ ਅੰਗ ਅਤੇ ਸਿੱਖ ਪਛਾਣ ਦਾ ਪ੍ਰਤੀਕ ਹੈ, ਜਿਸ ਦੀ ਅਜਿਹੀਆਂ ਹਰਕਤਾਂ ਨਾਲ ਬੇਅਦਬੀ ਕਰਨਾ ਸਮੁੱਚੀ ਸਿੱਖ ਕੌਮ ਦੇ ਜਜ਼ਬਾਤਾਂ ਨੂੰ ਸੱਟ ਮਾਰਨ ਦੇ ਬਰਾਬਰ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਕੇਂਦਰ ਦੇ ਮੰਤਰੀਆਂ ਦਾ ਫਰਜ਼ ਹੈ ਕਿ ਉਹ ਹਰ ਧਰਮ ਦੇ ਲੋਕਾਂ ਦਾ ਸਤਿਕਾਰ ਅਤੇ ਇਜ਼ਤਮਾਣ ਕਰਨ ਅਤੇ ਸਮਾਜ ਵਿਰੋਧੀ ਅਜਿਹੀਆਂ ਹਰਕਤਾਂ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਕਰਨ। ਪਰ ਜਦੋਂ ਸਿਖਰਲੇ ਅਹੁਦਿਆਂ ’ਤੇ ਬੈਠੇ ਲੋਕ ਹੀ ਅਜਿਹੀਆਂ ਨਿੰਦਣਯੋਗ ਹਰਕਤਾਂ ਕਰਨਗੇ, ਤਾਂ ਆਮ ਲੋਕਾਂ ਦਾ ਸਰਕਾਰ ਅਤੇ ਸਮਾਜਿਕ ਨਿਆਂ ’ਤੇ ਭਰੋਸਾ ਕਿਵੇਂ ਕਾਇਮ ਰਹੇਗਾ ? ਉਨ੍ਹਾਂ ਕਿਹਾ ਕਿ ਅਜਿਹੀਆਂ ਘਟਨਾਵਾਂ ਨਾ ਸਿਰਫ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਂਦੀਆਂ ਹਨ, ਸਗੋਂ ਸਮੁੱਚੇ ਸਮਾਜ ਵਿੱਚ ਵਿਸ਼ਵਾਸ ਅਤੇ ਸਦਭਾਵਨਾ ਨੂੰ ਵੀ ਕਮਜ਼ੋਰ ਕਰਦੀਆਂ ਹਨ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਸਿੱਖ ਕੌਮ ਨੇ ਦੇਸ਼ ਦੀ ਆਜ਼ਾਦੀ ਅਤੇ ਅਖੰਡਤਾ ਲਈ ਅਣਮੁੱਲੀਆਂ ਕੁਰਬਾਨੀਆਂ ਦਿੱਤੀਆਂ ਹਨ। ਇਸ ਦੇ ਨਾਲ ਹੀ ਸਿੱਖ ਕੌਮ ਨੇ ਹਰ ਔਖੀ ਘੜੀ ਮਨੁੱਖਤਾ ਦੀ ਸੇਵਾ ਵਿੱਚ ਅਹਿਮ ਯੋਗਦਾਨ ਪਾਇਆ ਹੈ। ਉਨ੍ਹਾਂ ਕਿਹਾ ਕਿ ਭੂਚਾਲ, ਹੜ੍ਹ ਜਾਂ ਹੋਰ ਕੁਦਰਤੀ ਆਫ਼ਤਾਂ ਸਮੇਂ ਸਿੱਖਾਂ ਨੇ ਲੰਗਰਾਂ ਸਮੇਤ ਹੋਰ ਸੇਵਾਵਾਂ ਵਿਚ ਵੱਡਾ ਯੋਗਦਾਨ ਪਾਉਂਦਿਆਂ ਸਰਬੱਤ ਦੇ ਭਲੇ ਦੀ ਭਾਵਨਾ ਨੂੰ ਸਾਕਾਰ ਕੀਤਾ। ਉਨ੍ਹਾਂ ਕਿਹਾ ਕਿ ਦੁਨੀਆਂ ਭਰ ਵਿੱਚ ਸਿੱਖ ਭਾਈਚਾਰੇ ਨੇ ਆਪਣੀਆਂ ਸੇਵਾਵਾਂ ਨਾਲ ਮਨੁੱਖਤਾ ਦੀ ਭਲਾਈ ਲਈ ਮਿਸਾਲੀ ਯੋਗਦਾਨ ਪਾਇਆ। ਪਰੰਤੂ ਦੁੱਖ ਦੀ ਗੱਲ ਹੈ ਕਿ ਦੇਸ਼ ਦੇ ਇਕ ਜ਼ਿੰਮੇਵਾਰ ਤੇ ਸੰਵਿਧਾਨਕ ਅਹੁਦੇ ’ਤੇ ਬੈਠੇ ਵਿਅਕਤੀ ਵੱਲੋਂ ਨਫ਼ਰਤੀ ਸੋਚ ਦਾ ਪ੍ਰਗਟਾਵਾ ਕਰਕੇ ਸਿੱਖਾਂ ਦੀਆਂ ਭਾਵਨਾਵਾਂ ਆਹਤ ਕੀਤੀਆਂ ਗਈਆਂ ਹਨ। ਅਜਿਹੇ ਵਿਅਕਤੀ ਖਿਲਾਫ਼ ਸਰਕਾਰ ਨੂੰ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ, ਤਾਂ ਜੋ ਭਵਿੱਖ ਅੰਦਰ ਕੋਈ ਵੀ ਅਜਿਹੀ ਮਾਨਵ ਵਿਰੋਧੀ ਹਰਕਤ ਨਾ ਕਰੇ।

# ਭਾਰਤ ਅੰਦਰ ਧਰਮ ਪਰਿਵਰਤਣ ਕਰ ਰਹੇ ਲੋਕ ਅਤੇ ਘਟਗਿਣਤੀਆਂ ਉਪਰ ਵੱਧ ਰਹੇ ਹਮਲੇ ਚਿੰਤਾਜਨਕ




**ਨਵੀਂ ਦਿੱਲੀ 16 ਜੂਨ (ਮਨਪ੍ਰੀਤ ਸਿੰਘ ਖਾਲਸਾ)**:- ਭਾਰਤ ਅੰਦਰ ਸਿੱਖ ਅਤੇ ਹੋਰ ਧਰਮਾਂ ਤੋਂ ਈਸਾਈ ਧਰਮ ਅੰਦਰ ਧਰਮ ਪਰਿਵਰਤਣ ਕਰ ਰਹੇ ਲੋਕ ਅਤੇ ਘਟਗਿਣਤੀਆਂ ਉਪਰ ਵੱਧ ਰਹੇ ਹਮਲੇ ਚਿੰਤਾਜਨਕ ਸਤਿਥੀ ਵਿਚ ਪਹੁੰਚ ਚੁੱਕੇ ਹਨ । ਭਾਰਤ ਇਕ ਲੋਕਤੰਤਰਿਕ ਦੇਸ਼ ਹੈ ਤੇ ਇਥੇ ਸਰਕਾਰ ਅਤੇ ਦੇਸ਼ ਦੇ ਸਵਿਧਾਨ ਮੁਤਾਬਿਕ ਹਰ ਧਰਮਾਂ ਦੇ ਲੋਕਾਂ ਨੂੰ ਜੀਵਨ ਬਸਰ ਕਰਣ ਦੇ ਬਰਾਬਰ ਅਧਿਕਾਰ ਦਰਜ਼ ਹਨ । ਪਰ ਹਾਲਾਤ ਬਿਲਕੁਲ ਉਲਟ ਹਨ ਘਟਗਿਣਤੀ ਅਤੇ ਧਰਮ ਪਰਿਵਰਤਣ ਕਰ ਰਹੇ ਲੋਕਾਂ ਉਪਰ ਵੱਧ ਰਹੇ ਹਮਲੇ ਚਿੰਤਾ ਜਨਕ ਹਨ । ਹੋਰ ਧਰਮਾਂ ਉਪਰ ਘੱਟ ਪ੍ਰੰਤੂ ਈਸਾਈ ਧਰਮ ਅੰਦਰ ਤਬਦੀਲ ਹੋ ਕੇ ਆਏ ਲੋਕਾਂ ਉਪਰ ਆਰਐਸਐਸ ਨਾਲ ਜੁੜੀਆਂ ਸੰਸਥਾਵਾਂ ਬਜਰੰਗ ਦਲ, ਵਿਸ਼ਵ ਹਿੰਦੂ ਪਰੀਸ਼ਦ (ਵੀਐਚਪੀ), ਧਰਮ ਸੈਨਾ ਅਤੇ ਕੁਝ ਹੋਰ ਕੱਟੜਪੰਥੀ ਜੱਥੇਬੰਦੀਆਂ ਇੰਨ੍ਹਾ ਉਪਰ ਗਾਹੇ ਬਗਾਹੇ ਧਮਕੀਆਂ ਦੇਣ ਦੇ ਨਾਲ ਹਮਲੇ ਵੀਂ ਕਰਦੀਆਂ ਰਹਿੰਦੀਆਂ ਹਨ । ਦੇਸ਼ ਦੇ ਵੱਡੇ ਰਾਜ ਦਿੱਲੀ, ਯੂਪੀ, ਮੁੰਬਈ, ਛੱਤੀਸਗੜ, ਮਣੀਪੁਰ, ਪੁਣੇ ਅੰਦਰ ਇੰਨ੍ਹਾ ਲੋਕਾਂ ਉਪਰ ਹੁੰਦੇ ਅਤਿਆਚਾਰ ਅਖਬਾਰਾਂ ਦੀਆਂ ਸੁਰਖੀਆਂ ਬਣਦੀਆਂ ਰਹਿੰਦੀਆਂ ਹਨ । ਮੁੰਬਈ ਦੇ ਇਕ ਇਲਾਕੇ ਦੀ ਚਰਚ ਉਪਰ ਕੀਤੇ ਗਏ ਹਮਲੇ ਦੇ ਦੋਸ਼ੀਆਂ ਦਾ ਅਜ ਤਕ ਪਤਾ ਨਹੀਂ ਲਗਿਆ ਹੈ ।

ਚਰਚਾਂ ਅਤੇ ਵੀਐਚਪੀ ਦੇ “ਘਰ ਵਾਪਸੀ” ’ਤੇ ਹਮਲਿਆਂ ਦਾ ਹਵਾਲਾ ਦਿੰਦੇ ਹੋਏ, ਗੋਵਾ ਰਹਿਣ ਵਾਲੇ ਆਰਚਬਿਸ਼ਪ ਨੇ ਕਿਹਾ ਦੇਸ਼ ਦੇ ਕਈ ਹਿੱਸਿਆਂ ਵਿੱਚ ਈਸਾਈਆਂ ਤੇ ਵੱਧ ਰਹੇ ਹਮਲਿਆਂ ਦੇ ਮੱਦੇਨਜ਼ਰ ਈਸਾਈ ਭਾਈਚਾਰਾ “ਡਰਿਆ ਅਤੇ ਅਸੁਰੱਖਿਅਤ” ਮਹਿਸੂਸ ਕਰ ਰਿਹਾ ਹੈ। ਬੀਤੀ 31 ਮਾਰਚ 2025 ਨੂੰ ਮੱਧ ਪ੍ਰਦੇਸ਼ ਦੇ ਜਬਲਪੁਰ ਵਿਖੇ ਰਾਂਝੀ ਵਿੱਚ ਈਸਾਈ ਪੁਜਾਰੀਆਂ ’ਤੇ ਪੁਲਿਸ ਸਾਹਮਣੇ ਹਮਲਾ ਕੀਤਾ ਗਿਆ ਸੀ । ਕਾਂਗਰਸ ਅਤੇ ਹੋਰ ਪਾਰਟੀਆਂ ਦੇ ਵਿਰੋਧੀ ਮੈਂਬਰਾਂ ਨੇ ਵੀ ਲੋਕ ਸਭਾ ਵਿੱਚ ਇਹ ਮੁੱਦਾ ਚੁੱਕਿਆ ਅਤੇ ਨਾਅਰੇਬਾਜ਼ੀ ਕੀਤੀ ਸੀ । ਕੇਰਲ ਦੇ ਮੁੱਖਮੰਤਰੀ ਸ਼੍ਰੀ ਵਿਜਯਨ ਨੇ ਕਿਹਾ ਕਿ ਈਸਾਈ ਪੁਜਾਰੀ ਕੇਰਲ ਦੇ ਰਹਿਣ ਵਾਲੇ ਸਨ ਅਤੇ ਉਹ ਆਦਿਵਾਸੀਆਂ ਦੀ ਮਦਦ ਲਈ ਸਟੇਸ਼ਨ ਗਏ ਸਨ ਪਰ “ਪੁਲਿਸ ਦੇ ਦੇਖਦੇ ਹੀ ਉਨ੍ਹਾਂ ਦੀ ਕੁੱਟਮਾਰ ਕੀਤੀ ਗਈ। ਉਨ੍ਹਾਂ ਇਸ ਕਾਰਵਾਈ ਨੂੰ “ਬਹੁਤ ਹੀ ਘਿਨਾਉਣਾ” ਕਰਾਰ ਦਿੰਦੇ ਹੋਏ ਕਿਹਾ ਕਿ “ਭਾਰਤ ਵਿੱਚ ਵਧ ਰਹੇ ਫਿਰਕੂ ਹਮਲੇ ਸ਼ਾਂਤੀਪੂਰਨ ਜੀਵਨ ਅਤੇ ਦੇਸ਼ ਦੀ ਆਮ ਤਰੱਕੀ ਲਈ ਖ਼ਤਰਾ ਹਨ। ਕਾਂਗਰਸ ਦੇ ਜਨਰਲ ਸਕੱਤਰ ਕੇਸੀ ਵੇਣੂਗੋਪਾਲ ਨੇ ਦਾਅਵਾ ਕੀਤਾ ਕਿ ਇਹ ਘਟਨਾ ਇਸ ਗੱਲ ਦੀ “ਇੱਕ ਹੋਰ ਉਦਾਹਰਣ” ਹੈ ਕਿ ਕਿਵੇਂ “ਭਾਜਪਾ ਸਰਕਾਰ ਅਤੇ ਸੰਘ ਪਰਿਵਾਰ ਘੱਟ ਗਿਣਤੀਆਂ ’ਤੇ ਹਮਲਾ ਕਰ ਰਹੇ ਹਨ।” ਉਨ੍ਹਾਂ ਨੇ ਸੰਸਦ ਕੰਪਲੈਕਸ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਸਿਆ ਕਿ ਪਿਛਲੇ ਸਾਲ, ਆਰਐਸਐਸ ਅਤੇ ਸੰਘ ਪਰਿਵਾਰ ਦੁਆਰਾ 753 ਚਰਚਾਂ ’ਤੇ ਹਮਲੇ ਕੀਤੇ ਗਏ ਹਨ ਅਤੇ ਸਰਕਾਰ ਉਨ੍ਹਾਂ ਉਪਰ ਕੋਈ ਕਾਰਵਾਈ ਨਹੀਂ ਕਰ ਰਹੀ ਹੈ । ਪ੍ਰਧਾਨ ਮੰਤਰੀ, ਜਿਨ੍ਹਾਂ ’ਤੇ ਵਿਰੋਧੀ ਧਿਰ ਅਤੇ ਈਸਾਈ ਸਮੂਹਾਂ ਦੁਆਰਾ ਦਿੱਲੀ ਵਿੱਚ ਪੰਜ ਚਰਚਾਂ ਅਤੇ ਮੁੰਬਈ ਵਿਚ ਇੱਕ ਈਸਾਈ ਚਰਚ ’ਤੇ ਅਜਿਹੇ ਹਮਲਿਆਂ ’ਤੇ ਅੱਖਾਂ ਮੀਟਣ ਦਾ ਦੋਸ਼ ਲਗਾਇਆ ਗਿਆ ਹੈ, ਨੇ ਕਿਹਾ ਸੀ ਕਿ ਉਨ੍ਹਾਂ ਦੀ ਸਰਕਾਰ “ਸਾਰੇ ਧਰਮਾਂ ਨੂੰ ਬਰਾਬਰ ਸਤਿਕਾਰ ਦਿੰਦੀ ਹੈ÷ । ਦੇ ਬਾਵਜੂਦ ਈਸਾਈ ਲੋਕਾਂ ਅਤੇ ਘਟਗਿਣਤੀਆਂ ਉਪਰ ਵੱਧ ਰਹੇ ਹਮਲੇ ਅਤਿ ਗੰਭੀਰ ਚਿੰਤਾ ਦਾ ਵਿਸ਼ਾ ਬਣ ਚੁੱਕੇ ਹਨ । ਇਥੇ ਦਸਣਯੋਗ ਹੈ ਕਿ ਬੀਤੇ ਸਾਲ 2024 ਦੇ ਅਕਤੂਬਰ ਵਿਚ ਸੰਯੁਕਤ ਰਾਜ ਕਮਿਸ਼ਨ ਵਲੋਂ ਅੰਤਰਰਾਸ਼ਟਰੀ ਧਾਰਮਿਕ ਆਜ਼ਾਦੀ ਦੀਆਂ ਸਥਿਤੀਆਂ ’ਤੇ ਜਾਰੀ ਕੀਤੀ ਰਿਪੋਰਟ ਵਿਚ ਭਾਰਤ ਨੂੰ “ਵਿਸ਼ੇਸ਼ ਚਿੰਤਾ ਦਾ ਦੇਸ਼” ਨਾਮਜਦ ਕਰਣ ਦੀ ਸਿਫਾਰਿਸ਼ ਕੀਤੀ ਸੀ ਤੇ ਇਸ ਸਾਲ 2025 ਦੇ ਮਾਰਚ ਵਿਚ ਜਾਰੀ ਕੀਤੀ ਗਈ ਰਿਪੋਰਟ ਵਿਚ ਵੀ ਇਸ ਨੂੰ ਮੁੜ ਦੋਹਰਾਇਆ ਗਿਆ ਹੈ ।

### ਮੁੰਬਈ- ਹਜ਼ੂਰ ਸਾਹਿਬ ਨਾਂਦੇੜ ਵੰਦੇ ਭਾਰਤ ਐਕਸਪ੍ਰੈੱਸ ਮਹਾਰਾਸ਼ਟਰ ਦੇ

# ਸਿੱਖ ਭਾਈਚਾਰੇ ਨੂੰ ਇੱਕ ਹੋਰ ਵੱਡਾ ਤੋਹਫ਼ਾ : ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ



**ਮੁੰਬਈ/ਚੌਕ ਮਹਿਤਾ 16 ਜੂਨ (ਬਾਬਾ ਸੁਖਵੰਤ ਸਿੰਘ ਚੰਨਣਕੇ )**-ਦਮਦਮੀ ਟਕਸਾਲ ਦੇ ਮੁਖੀ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਦੀ ਅਪੀਲ 'ਤੇ, ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ 350ਵਾਂ ਸ਼ਹੀਦੀ ਸ਼ਤਾਬਦੀ ਸਰਕਾਰੀ ਪੱਧਰ 'ਤੇ ਮਨਾਉਣ ਦੇ ਹਾਲ ਹੀ 'ਚ ਕੀਤੇ ਗਏ ਐਲਾਨ ਨਾਲ ਜਿੱਥੇ ਮਹਾਰਾਸ਼ਟਰ ਦਾ ਸਿੱਖ ਭਾਈਚਾਰਾ ਉਤਸ਼ਾਹ ਦੀ ਸਥਿਤੀ ਵਿੱਚ ਹੈ, ਉੱਥੇ ਹੀ ਕੇਂਦਰੀ ਰੇਲਵੇ ਮੰਤਰਾਲੇ ਨੇ ਮੁੰਬਈ ਤੋਂ ਹਜ਼ੂਰ ਸਾਹਿਬ, ਨਾਂਦੇੜ ਤੱਕ ਵੰਦੇ ਭਾਰਤ ਐਕਸਪ੍ਰੈੱਸ ਚਲਾਉਣ ਦੀ ਇਜਾਜ਼ਤ ਦੇ ਕੇ ਗੁਰੂ ਨਾਨਕ ਲੇਵਾ ਸੰਗਤ ਅਤੇ ਮਹਾਰਾਸ਼ਟਰ ਦੇ ਸਿੱਖ ਭਾਈਚਾਰੇ ਨੂੰ ਇੱਕ ਹੋਰ ਵੱਡਾ ਤੋਹਫ਼ਾ ਦਿੱਤਾ ਹੈ। ਵੰਦੇ ਭਾਰਤ ਰੇਲਗੱਡੀ ਨੰਬਰ 20705 ਨਾਂਦੇੜ ਤੋਂ ਸਵੇਰੇ 5 ਵਜੇ ਰਵਾਨਾ ਹੋਵੇਗੀ ਅਤੇ ਦੁਪਹਿਰ 2.25 ਵਜੇ ਮੁੰਬਈ ਪਹੁੰਚੇਗੀ, ਜਦੋਂ ਕਿ ਰੇਲਗੱਡੀ ਨੰਬਰ 20706 ਮੁੰਬਈ ਤੋਂ ਦੁਪਹਿਰ 1.10 ਵਜੇ ਰਵਾਨਾ ਹੋਵੇਗੀ ਅਤੇ ਰਾਤ 10.50 ਵਜੇ ਨਾਂਦੇੜ ਪਹੁੰਚੇਗੀ।

**☛ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕੇਂਦਰੀ ਰੇਲ ਮੰਤਰੀ ਅਸ਼ਵਨੀ ਵੈਸ਼ਨਵ ਅਤੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਸ਼੍ਰੀ ਦੇਵੇਂਦਰ ਫੜਨਵੀਸ ਦਾ ਵਿਸ਼ੇਸ਼ ਤੌਰ 'ਤੇ ਕੀਤਾ ਧੰਨਵਾਦ ☛ 11 ਮੈਂਬਰੀ ਸਿੱਖ ਤਾਲਮੇਲ ਕਮੇਟੀ ਦੇ ਮੁਖੀ ਜਸਪਾਲ ਸਿੰਘ ਸਿੱਧੂ, ਪੰਜਾਬੀ ਅਕੈਡਮੀ ਦੇ ਮਲਕੀਤ ਸਿੰਘ ਬਲ, ਘੱਟ ਗਿਣਤੀ ਕਮਿਸ਼ਨ ਦੇ ਮੈਂਬਰ ਚਰਨਦੀਪ ਸਿੰਘ ਹੈਪੀ ਤੇ ਸਰਬਜੀਤ ਸਿੰਘ ਸੈਣੀ ਨੇ ਵੀ ਕੀਤਾ ਸਵਾਗਤ**

ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ, ਜੋ ਕਿ ਸਿੱਖ ਸਮਾਜ ਮਹਾਰਾਸ਼ਟਰ ਦੇ ਸੰਸਥਾਪਕ ਵੀ ਹਨ, ਨੇ ਇਸ ਫ਼ੈਸਲੇ ਦਾ ਸਵਾਗਤ ਕੀਤਾ ਅਤੇ ਕਿਹਾ ਕਿ ਇਹ ਮਹਾਰਾਸ਼ਟਰ ਅਤੇ ਪੂਰੇ ਭਾਰਤ ਦੇ ਸਿੱਖ ਭਾਈਚਾਰੇ ਲਈ ਬਹੁਤ ਮਾਣ ਅਤੇ ਖ਼ੁਸ਼ੀ ਦਾ ਪਲ ਹੈ। ਨਾਂਦੇੜ, ਜੋ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਜੋਤੀ ਜੋਤ ਸਥਾਨ ਹੈ, ਸਿੱਖਾਂ ਲਈ ਬਹੁਤ ਹੀ ਅਧਿਆਤਮਿਕ, ਸਭਿਆਚਾਰਕ ਅਤੇ ਇਤਿਹਾਸਕ ਮਹੱਤਵ ਰੱਖਦਾ ਹੈ ਅਤੇ ਸਿੱਖ ਧਰਮ ਦੇ ਪੰਜ ਤਖ਼ਤਾਂ ਵਿੱਚੋਂ ਇੱਕ ਹੈ। ਉਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕੇਂਦਰੀ ਰੇਲ ਮੰਤਰੀ ਅਸ਼ਵਨੀ ਵੈਸ਼ਨਵ ਅਤੇ ਖ਼ਾਸ ਕਰਕੇ ਮਹਾਰਾਸ਼ਟਰ ਦੇ ਸਿੱਖ ਭਾਈਚਾਰੇ ਦੀਆਂ ਚਿੰਤਾਵਾਂ, ਲੋੜਾਂ ਅਤੇ ਅਕਾਂਖਿਆਵਾਂ ਦੀ ਪੂਰਤੀ ਲਈ ਦਲੇਰਾਨਾ ਅਤੇ ਦੂਰ-ਦਰਸ਼ੀ ਕਦਮ ਚੁੱਕਣ ਲਈ ਮੁੱਖ ਮੰਤਰੀ ਸ਼੍ਰੀ ਦੇਵੇਂਦਰ ਫੜਨਵੀਸ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਮਹਾਰਾਸ਼ਟਰ ਦੇ ਸਿੱਖ ਭਾਈਚਾਰੇ ਲਈ ਇੱਕ ਨਵਾਂ ਅਧਿਆਇ ਸ਼ੁਰੂ ਹੋਇਆ ਹੈ। ਸਾਡੇ ਵਿਸ਼ਵਾਸ, ਇਤਿਹਾਸ ਅਤੇ ਯੋਗਦਾਨ ਨੂੰ ਉੱਚ ਪੱਧਰ 'ਤੇ ਮਾਨਤਾ ਦਿੱਤੀ ਜਾ ਰਹੀ ਹੈ। ਫੜਨਵੀਸ ਸਰਕਾਰ ਦੀ ਇਹ ਵਚਨਬੱਧਤਾ ਰਾਜ ਭਰ ਵਿੱਚ ਗੁਰੂ ਨਾਨਕ ਨਾਮ ਲੇਵਾ ਸੰਗਤ ਨੂੰ ਉੱਚਾ ਚੁੱਕੇਗੀ। ਉਨ੍ਹਾਂ ਕਿਹਾ ਕਿ ਇਸ ਹਾਈ-ਸਪੀਡ, ਸੈਮੀ-ਬੁਲੇਟ ਟ੍ਰੇਨ ਵੰਦੇ ਭਾਰਤ ਐਕਸਪ੍ਰੈੱਸ ਸੇਵਾ ਦੀ ਸ਼ੁਰੂਆਤ ਸ਼ਰਧਾਲੂਆਂ, ਸੈਲਾਨੀਆਂ ਅਤੇ ਸਥਾਨਕ ਨਿਵਾਸੀਆਂ ਲਈ ਆਰਾਮ ਅਤੇ ਸੰਪਰਕ ਵਧਾਉਣ ਲਈ ਇੱਕ ਜੀਵਨ ਰੇਖਾ ਹੋਵੇਗੀ।

ਤੁਹਾਨੂੰ ਦੱਸ ਦੇਈਏ ਕਿ ਦਮਦਮੀ ਟਕਸਾਲ ਦੇ ਮੁਖੀ ਸੰਤ ਗਿਆਨੀ ਹਰਨਾਮ ਸਿੰਘ ਖ਼ਾਲਸਾ ਦੀ ਅਗਵਾਈ ਵਾਲੇ ਇੱਕ ਵਫ਼ਦ ਨੇ 29 ਸਤੰਬਰ 2024 ਨੂੰ ਹੋਏ ਗੁਰਮਤਿ ਸਮਾਗਮ ਦੌਰਾਨ ਸ਼੍ਰੀ ਦੇਵੇਂਦਰ ਫੜਨਵੀਸ ਨੂੰ ਇੱਕ ਮੰਗ ਪੱਤਰ ਸੌਂਪਿਆ, ਜਿਸ ਵਿੱਚ ਉਨ੍ਹਾਂ ਨੂੰ ਹਜ਼ੂਰ ਸਾਹਿਬ ਨਾਂਦੇੜ ਦੇ ਦਰਸ਼ਨਾਂ ਲਈ ਸ਼ਰਧਾਲੂਆਂ ਦੀ ਯਾਤਰਾ ਨੂੰ ਸੁਵਿਧਾਜਨਕ ਬਣਾਉਣ ਲਈ ਮੁੰਬਈ, ਨਵੀਂ ਮੁੰਬਈ, ਔਰੰਗਾਬਾਦ ਅਤੇ ਨਾਗਪੁਰ ਨੂੰ ਨਾਂਦੇੜ ਨਾਲ ਜੋੜਨ ਵਾਲੀ ਵੰਦੇ ਭਾਰਤ ਐਕਸਪ੍ਰੈੱਸ ਸੇਵਾ ਸ਼ੁਰੂ ਕਰਨ ਦੀ ਬੇਨਤੀ ਕੀਤੀ ਗਈ। ਇਸ 'ਤੇ ਤੁਰੰਤ ਕਾਰਵਾਈ ਕਰਦੇ ਹੋਏ, 11 ਅਕਤੂਬਰ 2024 ਨੂੰ, ਸ਼੍ਰੀ ਫੜਨਵੀਸ ਨੇ ਕੇਂਦਰੀ ਰੇਲ ਮੰਤਰੀ ਸ਼੍ਰੀ ਅਸ਼ਵਨੀ ਵੈਸ਼ਨਵ ਜੀ ਕੋਲ ਇਹ ਮਾਮਲਾ ਉਠਾਇਆ ਅਤੇ ਕਿਹਾ ਕਿ ਨਵੀਂ ਮੁੰਬਈ ਦਾ ਵਿਕਾਸ ਪਨਵੇਲ ਤੱਕ ਫੈਲ ਗਿਆ ਹੈ, ਜਿੱਥੇ ਸਿੱਖ ਭਾਈਚਾਰੇ ਦੀ ਵੱਡੀ ਆਬਾਦੀ ਹੈ। ਨਵੀਂ ਮੁੰਬਈ ਅਤੇ ਪਨਵੇਲ ਵਿੱਚ ਵਧਦੀ ਸਿੱਖ ਆਬਾਦੀ ਨੂੰ ਧਿਆਨ ਵਿੱਚ ਰੱਖਦੇ ਹੋਏ, ਔਰੰਗਾਬਾਦ, ਨਾਗਪੁਰ, ਨਾਂਦੇੜ ਅਤੇ ਉੱਤਰੀ ਭਾਰਤ ਨਾਲ ਰੇਲ ਸੰਪਰਕ ਵਧਾਉਣ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ ਅਤੇ ਸੁਪਰ-ਫਾਸਟ ਵੰਦੇ ਭਾਰਤ ਰੇਲ ਚਲਾਉਣ ਦੀ ਮੰਗ ਕੀਤੀ।



ਨਵੀਂ ਮੁੰਬਈ ਦੇ ਗੁਰਦੁਆਰਿਆਂ ਦੀ ਸੁਪਰੀਮ ਕੌਂਸਲ ਦੇ ਚੇਅਰਮੈਨ ਅਤੇ 11 ਮੈਂਬਰੀ ਸਿੱਖ ਤਾਲਮੇਲ ਕਮੇਟੀ ਦੇ ਮੁਖੀ ਜਸਪਾਲ ਸਿੰਘ ਸਿੱਧੂ, ਮਹਾਰਾਸ਼ਟਰ ਰਾਜ ਪੰਜਾਬੀ ਸਾਹਿਤ ਅਕੈਡਮੀ ਦੇ ਕਾਰਜਕਾਰੀ ਚੇਅਰਮੈਨ ਮਲਕੀਤ ਸਿੰਘ ਬਲ, ਮਹਾਰਾਸ਼ਟਰ ਰਾਜ ਘੱਟ ਗਿਣਤੀ ਕਮਿਸ਼ਨ ਦੇ ਮੈਂਬਰ ਚਰਨਦੀਪ ਸਿੰਘ ਹੈਪੀ, ਸਿੱਖ ਤਾਲਮੇਲ ਕਮੇਟੀ ਸਰਬਜੀਤ ਸਿੰਘ ਸੈਣੀ, ਸਰਬਜੀਤ ਸਿੰਘ ਸੰਧੂ ਅਤੇ ਪੰਜਾਬ ਭਾਜਪਾ ਦੇ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਰੇਲਵੇ ਮੰਤਰਾਲੇ ਵੱਲੋਂ ਵੰਦੇ ਭਾਰਤ ਐਕਸਪ੍ਰੈੱਸ ਨੂੰ ਮੁੰਬਈ-ਹਜ਼ੂਰ ਸਾਹਿਬ ਨਾਂਦੇੜ ਤੱਕ ਵਧਾਉਣ ਦੀ ਪ੍ਰਵਾਨਗੀ ਦੇਣ ਲਈ ਕੇਂਦਰ ਅਤੇ ਰਾਜ ਸਰਕਾਰਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਇਸ ਕਦਮ ਨਾਲ ਸਿੱਖ ਭਾਈਚਾਰੇ ਵਿੱਚ ਖ਼ੁਸ਼ੀ ਦੀ ਲਹਿਰ ਹੈ ਕਿਉਂਕਿ ਹੁਣ ਉਨ੍ਹਾਂ ਲਈ ਸਿੱਖ ਧਰਮ ਦੇ ਪ੍ਰਮੁੱਖ ਤੀਰਥ ਸਥਾਨ ਹਜ਼ੂਰ ਸਾਹਿਬ ਦੀ ਯਾਤਰਾ ਕਰਨਾ ਆਸਾਨ ਹੋ ਜਾਵੇਗਾ।

# ਡੈਂਗੂ ਦੇ ਖਾਤਮੇ ਲਈ ਹਰ ਇੱਕ ਦੀ ਸਾਝੀ ਜੁੰਮੇਵਾਰੀ -ਐਸ ਆਈ ਅਸ਼ੋਕ ਕੁਮਾਰ

**ਧੂਰੀ ( ਰਣਜੀਤ ਸਿੰਘ ਪੇਧਨੀ )**-ਸਿਵਲ ਸਰਜਨ ਸੰਗਰੂਰ ਡਾਕਟਰ ਸੰਜੇ ਕਾਮਰਾ ਜੀ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਅਤੇ ਜਿਲਾਂ ਐਪੀਡੀਮੋਲੋਜਿਸਟ ਡਾਕਟਰ ਉਪਾਸਨਾ ਬਿੰਦਰਾਂ ਜੀ ਅਤੇ ਐਸ ਐਮ ਓ ਸੁਦੀਪ ਸਿੱਧੂ ਜੀ ਦੀ ਯੋਗ ਅਗਵਾਈ ਅਤੇ ਅਸ਼ੋਕ ਕੁਮਾਰ ਐਸ ਆਈ ਅਤੇ ਗੁਰਜੰਟ ਸਿੰਘ ਐਸ ਆਈ ਦੀ ਸੁਪਰਵੀਜਨ ਵਿੱਚ ਸੈਕਟਰ ਕਾਂਝਲਾ ਅਧੀਨ ਬਾਲੀਆਂ, ਧੰਦੀਵਾਲ, ਲੱਡਾਂ, ਬੇਨੜਾ ਵਿਖੇ ਵੈਕਟਰ ਬੌਰਨ ਡਜ਼ੀਜ ਐਕਟੀਵਿਟੀ ਕੀਤੀ ਗਈ। ਜਿਸ ਦੌਰਾਨ ਅਸ਼ੋਕ ਕੁਮਾਰ ਐਸ ਅ ਆਈ ਅਤੇ ਗੁਰਜੰਟ ਸਿੰਘ ਐਸ ਆਈ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਡੈਂਗੂ ਇੱਕ ਵਾਇਰਲ ਬੁਖਾਰ ਹੈ ਜੋ ਏਡੀਜ ਅਜਿਪਟੀ ਨਾਮ ਦੇ ਮੱਛਰ ਦੇ ਕੱਟਣ ਨਾਲ ਹੁੰਦਾ ਹੈ ਇਹ ਮੱਛਰ ਹਮੇਸ਼ਾ ਸਾਫ਼ ਅਤੇ ਖੜੇ ਪਾਣੀ ਵਿੱਚ ਪੈਦਾ ਹੁੰਦਾ ਹੈ ।ਇਹ ਮੱਛਰ ਕੂਲਰ ਦੇ ਪਾਣੀ ਵਿੱਚ ਅਤੇ ਫਰਿੱਜਾਂ ਪਿੱਛੇ ਲੱਗੀਆਂ ਟਰੇਆਂ, ਗਮਲਿਆਂ, ਕੰਨਟੇਨਰਾ, ਖੈਲਾ ਛੱਤ ਤੇ ਪਏ ਕਬਾੜ ਟਾਇਰਾਂ ਆਦਿ ਖੜੇ ਪਾਣੀ ਵਿੱਚ ਪੈਦਾ ਹੁੰਦਾ ਹੈ ਇਸ ਲਈ ਸਾਨੂੰ ਇੱਕ ਹਫਤੇ ਤੋਂ ਪਹਿਲਾਂ ਪਹਿਲਾਂ ਇਹਨਾਂ ਬਰਤਨਾਂ ਵਿਚਲਾ ਪਾਣੀ ਬਦਲ ਦੇਣਾ ਚਾਹੀਦਾ ਹੈ ਅਤੇ ਬਰਤਨਾ ਨੂੰ ਪੂਰੀ ਤਰ੍ਹਾਂ ਸੁੱਕਾ ਕੇ ਫਿਰ ਪਾਣੀ ਪਾਇਆ ਜਾਵੇ ਇਹ ਮੱਛਰ ਸਵੇਰੇ ਸ਼ਾਮ ਕੱਟਦਾ ਹੈ ਇਸ ਲਈ ਸਵੇਰੇ ਸ਼ਾਮ ਪੂਰੇ ਕੱਪੜੇ ਪਹਿਨਣੇ ਚਾਹੀਦੇ ਹਨ ਜੇ ਕਰ ਕਿਸੇ ਵਿਆਕਤੀ ਨੂੰ ਤੇਜ਼ ਸਿਰ ਦਰਦ ਅਤੇ ਤੇਜ਼ ਬੁਖਾਰ, ਅੱਖਾਂ ਦੇ ਪਿਛਲੇ ਹਿੱਸੇ ਵਿੱਚ ਦਰਦ, ਮਾਸ ਪੇਸ਼ੀਆਂ ਅਤੇ ਜੋੜਾਂ ਵਿੱਚ ਦਰਦ, ਜੀ ਕੱਚਾ ਹੋਣਾ ਅਤੇ ਉਲਟੀਆਂ, ਹਾਲਤ ਖ਼ਰਾਬ ਹੋਣ ਤੇ ਨੱਕ, ਮੂੰਹ ਅਤੇ ਮਸੂੜਿਆਂ ਵਿੱਚੋਂ ਖ਼ੂਨ ਵੱਗਣਾ ਆਦਿ ਤਾਂ ਸਾਨੂੰ ਡੈਂਗੂ ਹੋਣ ਦੀਆਂ ਸੰਭਾਨਾਵਾਂ ਹੋ ਸਕਦੀਆਂ ਹਨ ਇਹਨਾਂ ਹਾਲਤਾਂ ਵਿੱਚ ਮਰੀਜ਼ ਨੂੰ ਵੱਧ ਤੋਂ ਵੱਧ ਤਰਲ ਪਦਾਰਥ ਦੇਣੇ ਚਾਹੀਦੇ ਹਨ ਅਤੇ ਮਰੀਜ਼ ਨੂੰ ਵੱਧ ਤੋਂ ਵੱਧ ਆਰਾਮ ਕਰਨਾ ਚਾਹੀਦਾ ਹੈ ਅਤੇ ਮਰੀਜ ਦੇ ਖਾਣਾ ਹਲਕਾ ਦੇਣਾ ਚਾਹੀਦਾ ਹੈ ਜੇ ਕਰ ਮਰੀਜ਼ ਦੀ ਹਾਲਤ ਖ਼ਰਾਬ ਲੱਗੇ ਤਾਂ ਮਰੀਜ਼ ਨੂੰ ਨੇੜੇ ਦੇ ਸਿਹਤ ਕੇਂਦਰ ਨਾਲ ਸੰਪਰਕ ਕਰਨਾ ਚਾਹੁੰਦਾ ਹੈ ।ਸਾਰੇ ਸਰਕਾਰੀ ਹਸਪਤਾਲਾਂ ਵਿੱਚ ਡੈਂਗੂ ਦਾ ਟੈਸਟ ਅਤੇ ਇਲਾਜ ਬਿਲਕੁਲ ਮੁਫ਼ਤ ਕੀਤਾ ਜਾਂਦਾ ਹੈ । ਟੀਮ ਮੈਂਬਰ ਹਰਜੀਤ ਸਿੰਘ, ਅਮਰੀਕ ਸਿੰਘ , ਗੁਰਵਿੰਦਰ ਸਿੰਘ, ਜਸਵਿੰਦਰ ਸਿੰਘ ਮ,ਪ,ਹ,ਵ (ਮ) ਹਾਜ਼ਰ ਸਨ।



# ਡਿਸਲੈਕਸੀਆ ਨੂੰ ਸਮਝਣਾ: ਕਾਰਨ, ਲੱਛਣ, ਉਪਚਾਰ ਅਤੇ ਮਨੋਵਿਗਆਨਿਕ ਸਹਾਇਤਾ



**(ਭਾਗ ਪਹਿਲਾ)**

ਡਿਸਲੈਕਸੀਆ ਇੱਕ ਵਿਸ਼ੇਸ਼ ਬਿਮਾਰੀ ਹੈ ਅਤੇ ਇਹ ਸਿੱਖਣ ਦੀ ਰੁਕਾਵਟ ਨਾਲ ਸੰਬੰਧਿਤ ਹੈ । ਡਿਸਲੈਕਸੀਆ ਬੱਚਿਆਂ ਦੀ ਪੜ੍ਹਨ, ਲਿਖਣ ਅਤੇ ਸਪੈਲਿੰਗ ਕਰਨ ਦੀ ਸਮਰੱਥਾ ਨੂੰ ਪ੍ਰਭਾਵਿਤ ਕਰਦੀ ਹੈ। ਇਹ ਸਹੀ ਅਤੇ/ਜਾਂ ਦ੍ਰਿੜ੍ਹ ਸ਼ਬਦ ਪਛਾਣ ਵਿੱਚ ਮੁਸ਼ਿਕਲਾਂ ਪੈਦਾ ਕਰਦੀ ਹੈ ਅਤੇ ਖਰਾਬ ਸਪੈਲਿੰਗ ਅਤੇ ਡਿਕੋਡਿੰਗ ਸਮਰੱਥਾਵਾਂ ਨੂੰ ਵੀ ਪ੍ਰਭਾਵਿਤ ਕਰਦੀ ਹੈ ਹੈ। ਇਸ ਲੇਖ ਵਿੱਚ, ਅਸੀਂ ਡਿਸਲੈਕਸੀਆ ਦੇ ਕਾਰਨਾਂ, ਲੱਛਣਾਂ, ਉਪਚਾਰ ਦੇ ਵਿਕਲਪਾਂ ਅਤੇ ਵਿਅਕਤੀਆਂ ਦਾ ਸਮਰਥਨ ਕਰਨ ਲਈ ਮਨੋਵਿਗਿਆਨਕ ਰਣਨੀਤੀਆਂ ਦੀ ਪੜਚੋਲ ਕਰਾਂਗੇ।

**ਡਿਸਲੈਕਸੀਆ ਦੇ ਕਾਰਨ**-ਡਿਸਲੈਕਸੀਆ ਦਾ ਸਟੀਕ ਕਾਰਨ ਪੂਰੀ ਤਰ੍ਹਾਂ ਸਮਝਿਆ ਨਹੀਂ ਗਿਆ ਪਰ ਇਸ ਨੂੰ ਅਨੁਵਾਂਸ਼ਿਕੀ ਅਤੇ ਨਿਊਰੋਬਾਇਓਲੌਜੀਕਲ ਕਾਰਕਾਂ ਨਾਲ ਸੰਬੰਧਿਤ ਮੰਨਿਆ ਜਾਂਦਾ ਹੈ।

**ਮੁੱਖ ਬਿੰਦੂ ਸ਼ਾਮਲ ਹਨ:**

1. ਅਨੁਵੰਸ਼ਿਕਤਾ: ਡਿਸਲੈਕਸੀਆ ਅਕਸਰ ਪਰਿਵਾਰਾਂ ਵਿੱਚ ਮਿਲਦੀ ਹੈ ਜੋ ਇੱਕ ਵੰਸ਼ਾਨੁਗਤ ਘਟਕ ਦਾ ਸੁਝਾਅ ਦਿੰਦੀ ਹੈ। ਅਨੁਸੰਧਾਨ ਨੇ ਕਈ ਜੀਨ ਪਛਾਣੇ ਹਨ ਜੋ ਪੜ੍ਹਨ ਵਿੱਚ ਮੁਸ਼ਿਕਲਾਂ ਪੈਦਾ ਕਰਨ ਵਿੱਚ ਯੋਗਦਾਨ ਕਰ ਸਕਦੇ ਹਨ।

2. ਦਿਮਾਗ ਦੀ ਬਣਤਰ ਅਤੇ ਕਾਰਜਪ੍ਰਣਾਲੀ: ਨਿਊਰੋਇਮੇਜਿੰਗ ਅਧਿਐਨ ਤੋਂ ਪਤਾ ਚੱਲਿਆ ਹੈ ਕਿ ਡਿਸਲੈਕਸੀਆ ਵਾਲੇ ਵਿਅਕਤੀਆਂ ਵਿੱਚ ਦਿਮਾਗ ਦੀ ਬਣਤਰ ਅਤੇ ਕਾਰਜਪ੍ਰਣਾਲੀ ਵੱਖਰੇ ਤਰੀਕੇ ਨਾਲ ਕਾਰਜ ਕਰ ਸਕਦੀ ਹੈ।

3. ਪਰਿਵਾਰਿਕ ਕਾਰਕ: ਜਦੋਂ ਕਿ ਅਨੁਵੰਸ਼ਿਕਤਾ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ ਪਰਿਵਾਰਿਕ ਕਾਰਕ ਜਿਵੇਂ ਕਿ ਪ੍ਰਾਰੰਭਿਕ ਬਚਪਨ ਦੌਰਾਨ ਭਾਸ਼ਾ-ਅਮੀਰ ਵਾਤਾਵਰਣ ਦਾ ਸੰਪਰਕ ਪੜ੍ਹਾਈ ਦੇ ਵਿਕਾਸ ਨੂੰ ਪ੍ਰਭਾਵਿਤ ਕਰ ਸਕਦਾ ਹੈ।

**ਡਿਸਲੈਕਸੀਆ ਦੇ ਲੱਛਣ**

ਡਿਸਲੈਕਸੀਆ ਦੇ ਲੱਛਣ ਵਿਅਕਤੀਆਂ ਵਿੱਚ ਵਿਆਪਕ ਤੌਰ 'ਤੇ ਵੱਖਰੇ ਹੋ ਸਕਦੇ ਹਨ ਪਰ ਆਮ ਤੌਰ 'ਤੇ ਇਨ੍ਹਾਂ ਵਿੱਚ ਸ਼ਾਮਲ ਹਨ:

1. ਪੜ੍ਹਨ ਵਿੱਚ ਮੁਸ਼ਿਕਲਾਂ: ਦ੍ਰਿੜ੍ਹ ਪੜ੍ਹਨ ਵਿੱਚ ਸੰਘਰਸ਼ ਕਰਨਾ, ਅਕਸਰ ਕਈ ਗਲਤੀਆਂ ਕਰਨਾ ਜਾਂ ਸ਼ਬਦ ਛੱਡਣਾ।

2. ਸਪੈਲਿੰਗ ਦੀ ਚੁਣੌਤੀਆਂ: ਸ਼ਬਦਾਂ ਨੂੰ ਸਹੀ ਤਰੀਕੇ ਨਾਲ ਸਪੈਲ ਕਰਨ ਵਿੱਚ ਮੁਸ਼ਿਕਲ, ਅਕਸਰ ਅਸੰਗਤ ਸਪੈਲਿੰਗ ਪੈਟਰਨ ਦਿਖਾਉਣਾ।

3. ਲਿਖਾਈ ਸੰਬੰਧੀ ਸਮੱਸਿਆਵਾਂ: ਕਾਗਜ਼ 'ਤੇ ਵਿਚਾਰਾਂ ਨੂੰ ਵਿਵਸਥਿਤ ਕਰਨ ਵਿੱਚ ਸਮੱਸਿਆਵਾਂ ਜਿਸ ਨਾਲ ਅਸਪਸ਼ਟ ਜਾਂ ਖਰਾਬ ਢੰਗ ਨਾਲ ਲਿਖਾਈ ਹੁੰਦੀ ਹੈ।

4. ਧੁਨੀ ਸੂਝ-ਬੂਝ: ਸ਼ਬਦਾਂ ਵਿੱਚ ਧੁਨੀਆਂ ਨੂੰ ਪਛਾਣਨ ਅਤੇ ਉਹਨਾਂ 'ਤੇ ਕੰਮ ਕਰਨ ਵਿੱਚ ਮੁਸ਼ਿਕਲ ਜੋ ਡਿਕੋਡਿੰਗ ਸਮਰੱਥਾ ਨੂੰ ਰੁਕਾਵਟ ਪਾ ਸਕਦੀ ਹੈ।

5. ਯਾਦ ਰੱਖਣ ਦੀਆਂ ਸਮੱਸਿਆਵਾਂ: ਕ੍ਰਮਾਂ ਨੂੰ ਯਾਦ ਰੱਖਣ ਵਿੱਚ ਚੁਣੌਤੀਆਂ ਜਿਵੇਂ ਕਿ ਸ਼ਬਦਾਂ ਵਿੱਚ ਅੱਖਰਾਂ ਦਾ ਕ੍ਰਮ ਜਾਂ ਕਿਸੇ ਪ੍ਰਕਿਰਿਆ ਦੇ ਚਰਨ।

6. ਘੱਟ ਆਤਮ-ਵਿਸ਼ਵਾਸ: ਡਿਸਲੇਕਸੀਆ ਵਾਲੇ ਵਿਅਕਤੀਆਂ ਨੂੰ ਅਕਾਦਮਿਕ ਸੈਟਿੰਗਜ਼ ਵਿੱਚ ਆਪਣੀਆਂ ਚੁਣੌਤੀਆਂ ਦੇ ਕਾਰਨ ਨਿਰਾਸ਼ਾ ਅਤੇ ਘੱਟ ਆਤਮ-ਵਿਸ਼ਵਾਸ ਦਾ ਅਨੁਭਵ ਹੋ ਸਕਦਾ ਹੈ।

**ਡਿਸਲੈਕਸੀਆ ਦੇ ਇਲਾਜ ਦੇ ਵਿਕਲਪ**

ਡਿਸਲੈਕਸੀਆ ਦਾ ਇਲਾਜ ਆਮ ਤੌਰ 'ਤੇ ਵਿਅਕਤੀਗਤ ਜਰੂਰਤਾਂ ਦੇ ਅਨੁਸਾਰ ਅਨੁਕੂਲਿਤ ਸਿੱਖਿਆ ਵਿੱਚ ਸ਼ਾਮਲ ਹੁੰਦਾ ਹੈ। ਪ੍ਰਭਾਵਸ਼ਾਲੀ ਰਣਨੀਤੀਆਂ ਹੇਠਾਂ ਦਿੱਤੀਆਂ ਹਨ:

1. ਸੰਰਚਿਤ ਸਾਖਰਤਾ ਪ੍ਰੋਗਰਾਮ: ਇਹ ਪ੍ਰੋਗਰਾਮ ਪ੍ਰਣਾਲੀਬੱਧ ਧੁਨੀ ਸਿੱਖਿਆ 'ਤੇ ਧਿਆਨ ਕੇਂਦ੍ਰਿਤ ਕਰਦੇ ਹਨ ਵਿਦਿਆਰਥੀਆਂ ਨੂੰ ਅੱਖਰਾਂ ਅਤੇ ਧੁਨੀਆਂ ਦੇ ਵਿਚਕਾਰ ਸੰਬੰਧ ਸਿਖਾਉਂਦੇ ਹਨ। ਉਦਾਹਰਨਾਂ ਵਿੱਚ ਔਰਟਨ-ਗਿਲਿੰਗਹਮ, ਵਿਲਸਨ ਰੀਡਿੰਗ ਸਿਸਟਮ, ਅਤੇ ਬਾਰਟਨ ਰੀਡਿੰਗ ਸਪੈਲਿੰਗ ਸਿਸਟਮ ਸ਼ਾਮਲ ਹਨ।

2. ਬਹੁ-ਸੰਵੇਦਨਸ਼ੀਲ ਸਿੱਖਿਆ: ਕਈ ਸੰਵੇਦਨਾਵਾਂ (ਦ੍ਰਿਸ਼, ਸੁਨਣ, ਕਾਈਨੇਸਟੇਟਿਕ) ਨੂੰ ਸ਼ਾਮਿਲ ਕਰਨਾ ਸਿੱਖਣ ਵਿੱਚ ਸੁਧਾਰ ਕਰ ਸਕਦਾ ਹੈ। ਤਕਨੀਕਾਂ ਵਿੱਚ ਅੱਖਰ ਟਾਈਲਾਂ ਜਾਂ ਸੈਂਡਪੇਪਰ ਅੱਖਰਾਂ ਦੀ ਵਰਤੋਂ ਕਰਕੇ ਸਪੈਲਿੰਗ ਅਤੇ ਧੁਨੀਵਾਦ ਸਿਖਾਉਣਾ ਸ਼ਾਮਲ ਹੋ ਸਕਦਾ ਹੈ।

3. ਸਹਾਇਕ ਪ੍ਰੌਦਯੋਗਿਕੀ: ਟੈਕਸਟ-ਟੂ-ਸਪੀਚ ਸਾਫਟਵੇਅਰ, ਆਡੀਓਬੁੱਕ ਅਤੇ ਸਪੀਚ ਰਿਕਗਨੀਸ਼ਨ ਪ੍ਰੋਗਰਾਮ ਵਰਗੇ ਉਪਕਰਨ ਡਿਸਲੈਕਸੀਆ ਵਾਲੇ ਵਿਅਕਤੀਆਂ ਨੂੰ ਲਿਖਤੀ ਸਮੱਗਰੀ ਤੱਕ ਜ਼ਿਆਦਾ ਆਸਾਨੀ ਨਾਲ ਪਹੁੰਚਣ ਵਿੱਚ ਮਦਦ ਕਰ ਸਕਦੇ ਹਨ।

4. ਵਿਅਕਤੀਗਤ ਸਿੱਖਿਆ ਯੋਜਨਾਵਾਂ (IEPs): ਸਕੂਲ ਵਿੱਚ ਵਿਦਿਆਰਥੀਆਂ ਲਈ, IEP ਵਿਕਸਤ ਕਰਨਾ ਇਹ ਯਕੀਨੀ ਬਣਾ ਸਕਦਾ ਹੈ ਕਿ ਉਨ੍ਹਾਂ ਨੂੰ ਉਨ੍ਹਾਂ ਦੀਆਂ ਵਿਸ਼ੇਸ਼ ਸਿੱਖਣ ਦੀਆਂ ਜ਼ਰੂਰਤਾਂ ਦੇ ਅਨੁਸਾਰ ਯੋਗਤਾਪੂਰਕ ਸਮਾਯੋਜਨ ਅਤੇ ਸਮਰਥਨ ਮਿਲੇ।

**ਡਿਸਲੈਕਸੀਆ ਲਈ ਮਨੋਵਿਗਿਆਨਿਕ ਸਮਰਥਨ**

ਡਿਸਲੈਕਸੀਆ ਵਾਲੇ ਵਿਅਕਤੀਆਂ ਲਈ ਮਨੋਵਿਗਿਆਨਿਕ ਸਮਰਥਨ ਮਹੱਤਵਪੂਰਨ ਹੈ। ਰਣਨੀਤੀਆਂ ਵਿੱਚ ਸ਼ਾਮਲ ਹਨ:

1. ਮਨੋਵਿਗਿਆਨਕ ਇਲਾਜ: ਮਨੋਵਿਗਿਆਨੀਆਂ ਨਾਲ ਕੰਮ ਕਰਨਾ ਵਿਅਕਤੀਆਂ ਨੂੰ ਡਿਸਲੈਕਸੀਆ ਨਾਲ ਸੰਬੰਧਿਤ ਨਿਰਾਸ਼ਾ, ਚਿੰਤਾ ਜਾਂ ਘੱਟ ਆਤਮ-ਮਾਣ ਦੀਆਂ ਭਾਵਨਾਂਵਾਂ ਵਿੱਚੋਂ ਉਭਰਨ ਵਿੱਚ ਮਦਦ ਕਰ ਸਕਦਾ ਹੈ।

2. ਆਤਮ-ਮਾਣ ਵਧਾਉਣਾ: ਅਕਾਦਮਿਕ ਤੋਂ ਬਾਹਰ ਦੀਆਂ ਸ਼ਕਤੀਆਂ ਨੂੰ ਪ੍ਰੋਤਸਾਹਿਤ ਕਰਨਾ ਆਤਮ-ਵਿਚਾਰਾਂ ਨੂੰ ਸੁਧਾਰਣ ਵਿੱਚ ਮਦਦ ਕਰ ਸਕਦਾ ਹੈ। ਐਸੇ ਸ਼ੌਕ ਅਤੇ ਰੁਚੀਆਂ 'ਤੇ ਧਿਆਨ ਕੇਂਦ੍ਰਿਤ ਕਰਨਾ ਜਿੱਥੇ ਵਿਅਕਤੀ ਉੱਤਮਤਾ ਪ੍ਰਾਪਤ ਕਰਦਾ ਹੈ, ਸਕਾਰਾਤਮਕ ਆਤਮ ਵਿਸ਼ਵਾਸ਼ ਨੂੰ ਵਧਾਉਣ ਵਿੱਚ ਮਦਦ ਕਰ ਸਕਦਾ ਹੈ।

3. ਮਾਈਂਡਫੁਲਨੈੱਸ ਅਤੇ ਤਣਾਅ ਪ੍ਰਬੰਧਨ: ਮਾਈਂਡਫੁਲਨੈੱਸ ਮੈਡੀਟੇਸ਼ਨ ਵਰਗੀਆਂ ਤਕਨੀਕਾਂ ਚਿੰਤਾ ਨੂੰ ਘਟਾਉਣ ਅਤੇ ਧਿਆਨ ਅਤੇ ਕੇਂਦ੍ਰਿਤਤਾ ਵਿੱਚ ਸੁਧਾਰ ਕਰਨ ਵਿੱਚ ਮਦਦ ਕਰ ਸਕਦੀਆਂ ਹਨ।

4. ਮਾਤਾ-ਪਿਤਾ ਦਾ ਸਮਰਥਨ: ਮਾਤਾ-ਪਿਤਾਵਾਂ ਨੂੰ ਡਿਸਲੈਕਸੀਆ ਬਾਰੇ ਸਿੱਖਣਾ ਅਤੇ ਉਨ੍ਹਾਂ ਨੂੰ ਆਪਣੇ ਬੱਚੇ ਦਾ ਘਰ 'ਤੇ ਸਮਰਥਨ ਕਰਨ ਲਈ ਰਣਨੀਤੀਆਂ ਪ੍ਰਦਾਨ ਕਰਨਾ ਇੱਕ ਐਸਾ ਪੋਸ਼ਣ ਵਾਲਾ ਵਾਤਾਵਰਨ ਬਣਾ ਸਕਦਾ ਹੈ ਜੋ ਸਿੱਖਣ ਦੇ ਲਚੀਲੇਪਣ ਨੂੰ ਵਧਾਉਂਦਾ ਹੈ।

5. ਸਾਥੀ ਸਮਰੱਥਨ ਸਮੂਹ: ਹੋਰ ਲੋਕਾਂ ਨਾਲ ਜੁੜਨਾ ਜਿਨ੍ਹਾਂ ਕੋਲ ਸਮਾਨ ਅਨੁਭਵ ਹਨ, ਭਾਵਨਾਤਮਕ ਸਮਰਥਨ ਅਤੇ ਡਿਸਲੈਕਸੀਆ ਨਾਲ ਨਿਬਟਣ ਲਈ ਵਿਉਹਾਰਿਕ ਸਲਾਹ ਪ੍ਰਦਾਨ ਕਰ ਸਕਦਾ ਹੈ।

ਡਿਸਲੈਕਸੀਆ ਇੱਕ ਜਟਿਲ ਸਿੱਖਣ ਦੀ ਅਯੋਗਤਾ ਹੈ ਜੋ ਪ੍ਰਭਾਵਸ਼ਾਲੀ ਪ੍ਰਬੰਧਨ ਲਈ ਇੱਕ ਬਹੁ-ਪੱਖੀ ਦ੍ਰਿਸ਼ਟੀਕੋਣ ਦੀ ਜ਼ਰੂਰਤ ਹੁੰਦੀ ਹੈ। ਇਸਦੇ ਕਾਰਨਾਂ ਅਤੇ ਲੱਛਣਾਂ ਨੂੰ ਸਮਝ ਕੇ ਹਰ ਸੰਭਵ ਯਤਨ ਲਾਗੂ ਕਰਕੇ ਅਤੇ ਮਨੋਵਿਗਿਆਨਿਕ ਸਮਰਥਨ ਪ੍ਰਦਾਨ ਕਰਕੇ, ਡਿਸਲੈਕਸੀਆ ਵਾਲੇ ਵਿਅਕਤੀ ਅਕਾਦਮਿਕ ਅਤੇ ਨਿੱਜੀ ਤੌਰ 'ਤੇ ਸਫਲ ਹੋ ਸਕਦੇ ਹਨ। ਜਲਦੀ ਪਛਾਣ ਅਤੇ ਹਸਤਖੇਪ ਉਹਨਾਂ ਪ੍ਰਭਾਵਿਤ ਵਿਅਕਤੀਆਂ ਨੂੰ ਉਨ੍ਹਾਂ ਦੀ ਪੂਰੀ ਸਮਰੱਥਾ ਪ੍ਰਾਪਤ ਕਰਨ ਵਿੱਚ ਮਦਦ ਕਰਨ ਲਈ ਕੁੰਜੀ ਹਨ।

**-ਸੁਰਿੰਦਰਪਾਲ ਸਿੰਘ , ਵਿਗਿਆਨ ਅਧਿਆਪਕ**
**ਸ਼੍ਰੀ ਅਮ੍ਰਿਤਸਰ ਸਾਹਿਬ।**

### ਸ਼੍ਰੋਮਣੀ ਅਕਾਲੀ ਦਲ ਨੂੰ ਪੁਨਰ ਸੁਰਜੀਤ ਕਰਨ ਲਈ ਅਰੰਭੇ ਸੰਘਰਸ਼ ਲਈ

# ਨਾਲਾਗੜ੍ਹ ਹਿਮਾਚਲ ਪ੍ਰਦੇਸ਼ 'ਚ ਸਮਾਗਮ ਆਯੋਜਿਤ

## ✶ ਅਨੇਕਾਂ ਪੰਥਕ ਸ਼ਖਸੀਅਤਾਂ ਵੱਲੋਂ ਸ਼ਿਰਕਤ ✶ ਇਕੱਲੇ ਨਾਲਾਗੜ੍ਹ ਹਲਕੇ ਵਿਚੋਂ 5000 ਮੈਂਬਰ ਬਣੇ ਅਤੇ ਪਰਚੀਆਂ ਭਰਤੀ ਕਮੇਟੀ ਨੂੰ ਸੌਂਪੀਆਂ ਗਈਆਂ











ਸ਼੍ਰੀ ਅਕਾਲ ਤੱਖਤ ਸਾਹਿਬ ਦੇ ਹੁਕਮ ਅਨੁਸਾਰ, ਸ਼੍ਰੋਮਣੀ ਅਕਾਲੀ ਦਲ ਨੂੰ ਪੁਨਰ ਸੁਰਜੀਤ ਕਰਨ ਲਈ ਅਰੰਭੇ ਸੰਘਰਸ਼ ਵਿਚ, ਨਾਲਾਗੜ੍ਹ ਹਿਮਾਚਲ ਪ੍ਰਦੇਸ਼ 'ਚ ਹੋਏ ਸਮਾਗਮ ਵਿਚ ਸਿਰਕਤ ਕੀਤੀ ਇਸੇ ਮੌਕੇ ਤੇ ਸੰਤ ਸਮਾਜ ਵਲੋਂ ਸੰਤ ਬਾਬਾ ਸਰਬਜੋਤ ਸਿੰਘ ਜੀ ਬੇਦੀ, ਅਕਾਲੀ ਦਲ ਵਲੋਂ ਮਨਪ੍ਰੀਤ ਸਿੰਘ ਇਆਲੀ, ਇਕਬਾਲ ਸਿੰਘ ਝੂੰਦਾ, ਗੁਰਿੰਦਰ ਸਿੰਘ ਗੋਗੀ, ਗਿਆਨੀ ਮਹਿੰਦਰ ਸਿੰਘ ਤੇ ਸਰਮੁੱਖ ਸਿੰਘ ਅਤੇ ਹੋਰ ਪਤਵੰਤੇ ਵੀ ਹਾਜ਼ਰ ਸਨ 9 ਇਕੱਲੇ ਨਾਲਾਗੜ੍ਹ ਹਲਕੇ ਵਿਚੋਂ 5000 ਮੈਂਬਰ ਬਣੇ ਅਤੇ ਪਰਚੀਆਂ ਭਰਤੀ ਕਮੇਟੀ ਨੂੰ ਸੌਂਪੀਆਂ ਗਈਆਂ।



ਆਵਾਜ਼ਿ ਕੌਮ AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਯੂਨਾਈਟਿਡ ਅਕਾਲੀ ਦਲ ਵੱਲੋਂ 24000 ਏਕੜ ਤੋਂ ਵੱਧ ਸਰਕਾਰ ਵੱਲੋਂ

# ਜਮੀਨ ਪ੍ਰਾਪਤ ਕਰਨ ਦੇ ਰੋਸ ਵਜੋਂ ਮੁਜ਼ਾਹਰਾ



**ਲੁਧਿਆਣਾ, 16 ਜੂਨ (ਆਵਾਜ਼ਿ ਕੌਮ ਬਿਊਰੋ)**-ਅੱਜ ਯੂਨਾਈਟਿਡ ਅਕਾਲੀ ਦਲ ਵੱਲੋਂ ਲੁਧਿਆਣਾ ਦੇ ਨੇੜਲੇ ਇਲਾਕਿਆਂ ਵਿੱਚ 24000 ਏਕੜ ਤੋਂ ਵੱਧ ਸਰਕਾਰ ਵੱਲੋਂ ਜਮੀਨ ਪ੍ਰਾਪਤ ਕਰਨ ਦੇ ਰੋਸ ਵਜੋਂ ਕਿਸਾਨ ਜਥੇਬੰਦੀਆਂ ਅਤੇ ਲੁਧਿਆਣਾ ਇਲਾਕੇ ਦੀਆਂ ਪੰਚਾਇਤਾਂ ਵੱਲੋਂ ਲੁਧਿਆਣਾ ਵਿੱਚ ਕੀਤੀ ਗਈ ਰੋਸ ਰੈਲੀ ਅਤੇ ਰੋਸ ਮਾਰਚ ਵਿੱਚ ਹਿੱਸਾ ਲਿਆ। ਰੋਸ ਮਾਰਚ ਨੂੰ ਵੱਖ-ਵੱਖ ਕਿਸਾਨ ਜਥੇਬੰਦੀਆਂ ਅਤੇ ਜਨਤਕ ਆਗੂਆਂ ਨੇ ਸੰਬੋਧਨ ਕੀਤਾ। ਯੂਨਾਈਟਿਡ ਅਕਾਲੀ ਦਲ ਦੇ ਪ੍ਰਧਾਨ ਤੇ ਯੂਨਾਈਟਿਡ ਅਕਾਲੀ ਦਲ ਦੀ ਸਮੁੱਚੀ ਟੀਮ ਨੇ ਰੋਸ ਮਾਰਚ ਅਤੇ ਧਰਨਿਆਂ ਵਿੱਚ ਹਿੱਸਾ ਲਿਆ। ਯੂਨਾਈਟਿਡ ਅਕਾਲੀ ਦਲ ਦੇ ਮੁੱਖ ਆਗੂਆਂ ਵਿੱਚ ਸੁਖਜੀਤ ਸਿੰਘ ਡਾਲਾ, ਨਛੱਤਰ ਸਿੰਘ ਦਬੜੀਖਾਨਾ, ਯੂਥ ਆਗੂ ਨਵਦੀਪ ਸਿੰਘ ਢੱਡੇ, ਪੰਥਕ ਆਗੂ ਲਖਵੀਰ ਸਿੰਘ ਢਾਡੀ, ਜਸਵਿੰਦਰ ਸਿੰਘ ਘੋਲੀਆ ਅਤੇ ਭਾਈ ਗੁਰਦੀਪ ਸਿੰਘ ਬਠਿੰਡਾ ਵੱਡੇ ਜੱਥੇ ਲੈ ਕੇ ਹਾਜ਼ਰ ਹੋਏ।

ਆਵਾਜ਼ਿ ਕੌਮ AWAZE QAUM International Newspaper & WEB TV

2. ਗੋਨਿਆਣਾ ਦੇ ਨਰਿੰਦਰਦੀਪ ਸਿੰਘ ਨੂੰ ਪੁਲਿਸ ਵੱਲੋਂ ਕਤਲ ਕੀਤੇ ਜਾਣ ਵਿਰੁੱਧ ਲੁਧਿਆਣਾ ਵਿੱਚ ਕੀਤੀ ਗਈ ਰੋਸ ਰੈਲੀ ਅਤੇ ਰੋਸ ਮਾਰਚ ਵਿੱਚ ਯੂਨਾਈਟਿਡ ਅਕਾਲੀ ਦਲ ਵੱਲੋਂ ਭਾਰੀ ਗਿਣਤੀ ਵਿੱਚ ਹਿੱਸਾ ਲਿਆ ਗਿਆ। ਪੰਜਾਬ ਵਿੱਚ ਹੋ ਰਹੇ ਲੁਧਿਆਣਾ ਰੋਸ ਮਾਰਚ ਵਿੱਚ ਕੇਜਰੀਵਾਲ ਨੂੰ ਪੰਜਾਬ ਦਾ ਧਾੜਵੀ ਦੱਸਿਆ ਅਤੇ ਭਗਵੰਤ ਸਿੰਘ ਮਾਨ ਨੂੰ ਕਮਜ਼ੋਰ ਅਤੇ ਗੁਲਾਮ ਮੁੱਖ ਮੰਤਰੀ ਕਿਹਾ। ਕੇਜਰੀਵਾਲ ਪੰਜਾਬ ਨੂੰ ਲੁੱਟਣ ਅਤੇ ਪੰਜਾਬ ਦੀ ਅਣਖ ਨੂੰ ਵੰਗਾਰਨ ਆਇਆ ਹੈ। ਪੰਜਾਬ ਦੇ ਲੋਕਾਂ ਨੂੰ ਇਹਨਾਂ ਧਾੜਵੀਆਂ ਨੂੰ ਸਖਤ ਜਵਾਬ ਦੇਣ ਦੀ ਅਪੀਲ ਕੀਤੀ। ਆਮ ਆਦਮੀ ਪਾਰਟੀ ਦੇ ਦਫਤਰ ਵੱਲ ਮਾਰਚ ਕਰਦਿਆਂ ਨੂੰ ਪੁਲਿਸ ਨੇ ਦਫਤਰ ਵੱਲ ਜਾਣ ਤੋਂ ਰੋਕਿਆ।

### ਧੂਰੀ ਵਿਕਾਸ ਮੰਚ ਨੇ ਡਾਕਖਾਨਾ ਵਿੱਚ ਪਾਸਪੋਰਟ ਸੇਵਾ ਕੇਂਦਰ ਖੋਲਣ ਦੀ ਮੰਗ ਨੂੰ ਲੈ ਕੇ ਮੰਗ ਪੱਤਰ ਸੌਂਪਿਆ

# ਜੱਥੇਬੰਦੀ ਨੇ ਹਲਕੇ ਦੇ ਹੋਰ ਮੁੱਦਿਆਂ ਤੇ ਵੀ ਕੀਤੀ ਚਰਚਾ : ਜੱਗੀ ਢੀਂਡਸਾ

ਧੂਰੀ ( ਰਣਜੀਤ ਸਿੰਘ ਪੇਧਨੀ ) ਸ਼ਹਿਰ ਦੀਆਂ ਮੰਗਾਂ ਤੇ ਮੁਸ਼ਕਲਾਂ ਦੇ ਹੱਲ ਲਈ ਲਗਾਤਾਰ ਤੱਤਪਰ ਧੂਰੀ ਵਿਕਾਸ ਮੰਚ ਦੇ ਅੱਜ ਸਥਾਨਕ ਮੁੱਖ ਮੰਤਰੀ ਸੁਵਿਧਾ ਕੇਂਦਰ ਵਿਖੇ ਇੰਚਾਰਜ ਰਾਜਵੰਤ ਸਿੰਘ ਘੁੱਲੀ ਨਾਲ ਮੁਲਾਕਾਤ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਨਾਮ ਮੰਗ ਪੱਤਰ ਸੌਂਪਦਿਆਂ ਸਥਾਨਕ ਡਾਕਖਾਨਾ ਵਿੱਚ ਪਾਸਪੋਰਟ ਸੇਵਾ ਕੇਂਦਰ ਖੋਲੇ ਜਾਣ ਦੀ ਮੰਗ ਕੀਤੀ ਹੈ। ਧੂਰੀ ਵਿਕਾਸ ਮੰਚ ਦੇ ਚੇਅਰਮੈਨ ਜਗਸੀਰ ਸਿੰਘ ਜੱਗੀ ਢੀਂਡਸਾ, ਉੱਪ ਚੇਅਰਮੈਨ ਰਾਜੇਸ਼ਵਰ ਚੌਧਰੀ, ਪ੍ਰਧਾਨ ਅਮਨ ਗਰਗ, ਸਕੱਤਰ ਜਨਰਲ ਹੰਸ ਰਾਜ ਬਜਾਜ

## ਧੂਰੀ ਵਿਕਾਸ ਮੰਚ ਦੀ ਜਲਦੀ ਹੀ ਮੁੱਖ ਮੰਤਰੀ ਨਾਲ ਮੀਟਿੰਗ ਕਰਵਾਈ ਜਾਵੇਗੀ - ਰਾਜਵੰਤ ਘੁੱਲੀ




ਨੇ ਇਸ ਮੁਲਾਕਾਤ ਦੇ ਵੇਰਵੇ ਪ੍ਰੈੱਸ ਨੂੰ ਜਾਰੀ ਕਰਦਿਆਂ ਦੱਸਿਆ ਕਿ ਧੂਰੀ ਡਾਕਘਰ, ਰੇਲਵੇ ਸਟੇਸ਼ਨ ਦੇ ਨੇੜੇ ਸਥਿਤ ਹੋਣ ਕਾਰਨ ਜਿਲ੍ਹੇ ਭਰ ਅਤੇ ਲਾਗਲੇ ਜਿਲ੍ਹਿਆਂ ਦੇ ਲੋਕਾਂ ਲਈ ਅਸਾਨ ਸਥਾਨ ਹੈ ਅਤੇ ਇਸਦੇ ਆਲੇ ਦੁਆਲੇ ਕਾਫੀ ਪਾਰਕਿੰਗ ਦੀ ਸੁਵਿਧਾ ਵੀ ਹੈ,। ਉਨ੍ਹਾਂ ਦੱਸਿਆ ਕਿ ਪੂਰੇ ਜ਼ਿਲ੍ਹਾ ਸੰਗਰੂਰ ਵਿੱਚ ਕੋਈ ਪਾਸਪੋਰਟ ਸੇਵਾ ਕੇਂਦਰ ਨਹੀਂ ਹੈ ਅਤੇ ਪਾਸਪੋਰਟ ਸੇਵਾ ਕੇਂਦਰ ਦੀ ਅਣਹੋਂਦ ਵਿੱਚ, ਸਾਡੇ ਜ਼ਿਲ੍ਹੇ ਦੇ ਵਸਨੀਕਾਂ ਲਈ ਕਾਫ਼ੀ ਅਸੁਵਿਧਾ ਦਾ ਕਾਰਨ ਬਣਿਆ ਹੈ, ਜੋ ਪਾਸਪੋਰਟ ਨਾਲ ਸਬੰਧਤ ਸੇਵਾਵਾਂ ਲਈ ਦੂਜੇ ਸ਼ਹਿਰਾਂ ਵਿੱਚ ਜਾਣ ਲਈ ਮਜਬੂਰ ਹਨ। ਧੂਰੀ ਡਾਕਘਰ ਵਿਖੇ ਪਾਸਪੋਰਟ ਸੇਵਾ ਕੇਂਦਰ ਦੀ ਸ਼ੁਰੂਆਤ ਨਾ ਸਿਰਫ਼ ਲੋਕਾਂ 'ਤੇ ਬੋਝ ਨੂੰ ਘੱਟ ਕਰੇਗੀ ਬਲਕਿ ਸੰਗਰੂਰ ਵਿੱਚ ਪਾਸਪੋਰਟ ਅਰਜ਼ੀ ਪ੍ਰਕਿਰਿਆ ਦੀ ਸਮੁੱਚੀ ਕੁਸ਼ਲਤਾ ਵਿੱਚ ਵੀ ਯੋਗਦਾਨ ਪਾਵੇਗੀ। ਇਸ ਮੌਕੇ ਇਲਾਕੇ ਦੀਆਂ ਹੋਰ ਮੁਸ਼ਕਲਾਂ ਤੇ ਮੰਗਾਂ ਤੇ ਵੀ ਵਿਚਾਰ ਵਟਾਂਦਰਾ ਕੀਤਾ ਗਿਆ। ਮੁੱਖ ਮੰਤਰੀ ਕੈਂਪਸ ਦਫਤਰ ਦੇ ਇੰਚਾਰਜ ਰਾਜਵੰਤ ਸਿੰਘ ਘੁੱਲੀ ਨੇ ਜੱਥੇਬੰਦੀ ਦੀ ਮੰਗ ਨਾਲ ਸਹਿਮਤ ਹੁੰਦਿਆ ਜਲਦੀ ਹੀ ਜੱਥੇਬੰਦੀ ਦੀ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਨਾਲ ਮੀਟਿੰਗ ਕਰਵਾਉਣ ਦਾ ਭਰੋਸਾ ਵੀ ਦਿੱਤਾ। ਇਸ ਮੌਕੇ ਐਡਵੋਕੇਟ ਜਤਿੰਦਰ ਸਿੰਘ ਸੋਨੀ ਮੰਡੇਰ, ਵਰਿੰਦਰ ਸਿੰਘ ਭੁੱਲਰ, ਸੁਰਿੰਦਰਪਾਲ ਸਿੰਘ ਨੀਟਾ, ਮੀਡੀਆ ਸਕੱਤਰ ਮਨੋਹਰ ਸਿੰਘ ਸੱਗੂ, ਮੋਹਿਤ ਜਿੰਦਲ ਆਦਿ ਵੀ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਸ਼੍ਰੀ ਅਕਾਲ ਤਖਤ ਸਾਹਿਬ ਦੇ ਸਥਾਪਨਾ ਦਿਵਸ ਮੌਕੇ ਅੰਮ੍ਰਿਤ ਵੇਲੇ ਸਮਾਗਮ ਦੇ 20 ਦਿਨ ਨਿਰਵਿਘਨਤਾ ਸਹਿਤ ਹੋਏ ਸੰਪੂਰਨ

## ਤੁਸੀਂ ਅੰਮ੍ਰਿਤ ਵੇਲਾ ਸੰਭਾਲੋ ਗੁਰੂ ਰਾਮਦਾਸ ਜੀ, ਬਾਬਾ ਦੀਪ ਸਿੰਘ ਜੀ ਤੁਹਾਨੂੰ ਸੰਭਾਲਣਗੇ-ਭਾਈ ਅਮਨਦੀਪ ਸਿੰਘ






**ਚੌਕ ਮਹਿਤਾ, 16 ਜੂਨ ( ਬਾਬਾ ਸੁਖਵੰਤ ਸਿੰਘ ਚੰਨਣਕੇ)** -ਬਾਬਾ ਦੀਪ ਸਿੰਘ ਚੈਰੀਟੇਬਲ ਟਰੱਸਟ ਦੇ ਮੁੱਖ ਸੇਵਾਦਾਰ ਗੁਰਇਕਬਾਲ ਸਿੰਘ ਅਤੇ ਭਾਈ ਅਮਨਦੀਪ ਸਿੰਘ ਜੀ ਵੱਲੋਂ ਅੰਮ੍ਰਿਤ ਵੇਲਾ ਸਮਾਗਮ 28 ਮਈ ਤੋਂ 6 ਜੁਲਾਈ ਤੱਕ ਗੁਰੂਦਵਾਰਾ ਬੀਬੀ ਕੌਲਾਂ ਜੀ ਕੋਲਸਰ ਸਾਹਿਬ ਵਿੱਖੇ ਕਰਵਾਏ ਜਾ ਰਹੇ ਹਨ । ਅੱਜ "ਅੰਮ੍ਰਿਤ ਵੇਲਾ" ਸਮਾਗਮ ਦਾ 20ਵਾਂ ਦਿਨ ਸੀ ।ਜਿਸ ਵਿੱਚ ਸਮਾਗਮ ਦੀ ਆਰੰਭਤਾ ਬਾਬਾ ਦੀਪ ਸਿੰਘ ਗੁਰਮਤਿ ਗਿਆਨ ਸੰਗੀਤ ਅਕੈਡਮੀ ਦੇ ਵਿਦਿਆਰਥੀਆਂ ਨੇ ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰ ਕੇ ਕੀਤੀ। ਉਪਰੰਤ ਗੁਰੂ ਘਰ ਦੇ ਕੀਰਤਨੀਏ ਭਾਈ ਅਮਨਦੀਪ ਸਿੰਘ ਜੀ ਬੀਬੀ ਕੌਲਾਂ ਵਾਲਿਆਂ ਨੇ ਵਾਹਿਗੁਰੂ ਗੁਰਮੰਤਰ ਦੇ ਜਾਪ ਅਤੇ ਅੰਮ੍ਰਿਤ ਵੇਲੇ ਦੀ ਮਹਾਨਤਾ ਦੇ ਪ੍ਰਸੰਗ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਅਮਨਦੀਪ ਸਿੰਘ ਜੀ ਨੇ ਸ਼੍ਰੀ ਅਕਾਲ ਤਖਤ ਸਾਹਿਬ ਦੇ ਸਥਾਪਨਾ ਦਿਵਸ ਤੇ ਸੰਗਤਾਂ ਨੂੰ ਵਧਾਈਆਂ ਦਿੱਤੀਆਂ ਅਤੇ ਇਤਿਹਾਸ ਦੀ ਸਾਂਝ ਪਾਉਂਦਿਆਂ ਕਿਹਾ ਕਿ ਛੇਵੇਂ ਪਾਤਸ਼ਾਹ ਜੀ ਨੇ ਸ੍ਰੀ ਅਕਾਲ ਤਖਤ ਸਾਹਿਬ ਦੀ ਸਿਰਜਨਾ ਕਰਕੇ ਮੀਰੀ ਪੀਰੀ ਦਾ ਸਿਧਾਂਤ ਦਿੱਤਾ। ਜੁਲਮ ਨਾਲ ਟੱਕਰ ਲੈਣ ਲਈ ਸਿੱਖਾਂ ਨੂੰ ਸ਼ਸਤਰ ਵਿਦਿਆ ਦਾ ਅਭਿਆਸ ਕਰਵਾ ਕੇ ਕੌਮ ਅੰਦਰ ਬੀਰਰੱਸ ਦੀ ਭਾਵਨਾ ਭਰੀ। ਗੁਰੂ ਸਾਹਿਬ ਨੇ ਤਖਤ ਤੇ ਬਿਰਾਜਮਾਨ ਹੋ ਕੇ ਸਿੱਖ ਸੂਰਮਿਆਂ ਵਿੱਚ ਜੋਸ਼ ਭਰਨ ਲਈ ਢਾਡੀ ਵਾਰਾਂ ਸ਼ੁਰੂ ਕਰਵਾਈਆਂ। ਇਹ ਸਿੱਖ ਇਤਿਹਾਸ ਦਾ ਉਹ ਪੰਨਾ ਹੈ, ਜਿਸ ਨੇ ਕੌਮ ਅੰਦਰ ਅਣਖ, ਜਜ਼ਬਾ ਤੇ ਦ੍ਰਿੜ੍ਹਤਾ ਪੈਦਾ ਕੀਤੀ ਭਾਈ ਸਾਹਿਬ ਨੇ ਗੁਰੂ ਸਾਹਿਬ ਦਾ ਸ਼ੁਕਰਾਨਾ ਕੀਤਾ ਅਤੇ ਦੂਰ-ਦੁਰੇਡੇ ਤੋਂ ਆਈਆਂ ਸੰਗਤਾਂ ਨੂੰ ਜੀ ਆਇਆਂ ਆਖਿਆ। ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਨੇ ਸਮਾਗਮ ਵਿੱਚ ਪਹੁੰਚ ਕੇ ਅਤੇ ਆਪਣੇ ਘਰਾਂ ਵਿੱਚ ਯੂਟਿਊਬ ਚੈਨਲ ਦੇ ਮਾਧਿਅਮ ਰਾਹੀਂ ਆਨੰਦ ਮਾਣਿਆ। ਮੀਡੀਆ ਦੇ ਰੂ-ਬ-ਰੂ ਗੱਲਬਾਤ ਕਰਦਿਆਂ ਭਾਈ ਅਮਨਦੀਪ ਸਿੰਘ ਜੀ ਨੇ ਦੱਸਿਆ ਅੱਜ ਅੰਮ੍ਰਿਤ ਵੇਲਾ ਸਮਾਗਮ ਦਾ 20 ਵਾਂ ਦਿਨ ਸੀ। ਉਨ੍ਹਾਂ ਦੱਸਿਆ *ਅੰਮ੍ਰਿਤ ਵੇਲਾ* ਸਮਾਗਮ 6 ਜੁਲਾਈ ਤੱਕ ਰੋਜਾਨਾ 3.00 ਵਜੇ ਤੋਂ 5.30 ਵਜੇ ਤੱਕ ਹੋ ਹੋਣਗੇ ।ਉਨ੍ਹਾਂ ਨੇ ਸੰਗਤਾਂ ਨੂੰ ਬੇਨਤੀ ਕੀਤੀ ਪਰਿਵਾਰਾਂ ਸਮੇਤ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ। ਭਾਈ ਸਾਹਿਬ ਨੇ ਸੰਗਤਾਂ ਨੂੰ ਬੇਨਤੀ ਕੀਤੀ ਸਮਾਗਮ ਵਿੱਚ ਪਰਿਵਾਰਾਂ ਸਮੇਤ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ। ਭਾਈ ਅਮਨਦੀਪ ਸਿੰਘ ਨੇ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਮੈਨੇਜਰ ਸ਼੍ਰੀ ਦਰਬਾਰ ਸਾਹਿਬ, ਹੈਡ ਗ੍ਰੰਥੀ ਗੁਰਦੁਆਰਾ ਬੀਬੀ ਕੌਲਾਂ ਜੀ ਅਤੇ ਸਮੂਹ ਸੇਵਾਦਾਰਾਂ ਦਾ ਵਿਸ਼ੇਸ਼ ਤੌਰ ਤੇ ਸਹਿਯੋਗ ਦੇਣ ਲਈ ਧੰਨਵਾਦ ਕੀਤਾ । ਇਸ ਮੌਕੇ ਭਾਈ ਅਮਤੇਸ਼ਵਰ ਸਿੰਘ, ਭਾਈ ਰੋਬਿਨ ਸਿੰਘ, ਭਾਈ ਅਵਤਾਰ ਸਿੰਘ, ਭਾਈ ਗੁਰਚਰਨ ਸਿੰਘ, ਭਾਈ ਸ਼ਮਸ਼ੇਰ ਸਿੰਘ, ਭਾਈ ਸਿਮਰਨਜੀਤ ਸਿੰਘ ਆਦਿ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਆਪ ਉਮੀਦਵਾਰ ਸੰਜੀਵ ਅਰੋੜਾ ਲੁਧਿਆਣਾ ਪੱਛਮੀ ਤੋਂ ਭਾਰੀ ਬਹੁਮਤ ਨਾਲ ਜਿੱਤਣਗੇ : ਗਗਨ ਜਵੰਧਾ

**ਧੂਰੀ ( ਰਣਜੀਤ ਸਿੰਘ ਪੇਧਨੀ )**-ਲੁਧਿਆਣਾ ਦੀ ਵਿਧਾਨ ਸਭਾ ਹਲਕਾ ਪੱਛਮੀ ਚ ਹੋਣ ਜਾ ਰਹੀ ਜਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੰਜੀਵ ਅਰੋੜਾ ਵੱਡੇ ਮਾਰਜਨ ਨਾਲ ਜਿੱਤ ਕੇ ਇਤਿਹਾਸ ਬਣਾਉਣਗੇ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਗਗਨ ਜਵੰਧਾ ਪ੍ਰਧਾਨ ਟਰੱਕ ਯੂਨੀਅਨ ਧੂਰੀ ਨੇ ਕੀਤਾ ।ਉਨ੍ਹਾਂ ਕਿਹਾ ਕਿ ਲੁਧਿਆਣਾ ਵਾਸੀ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਵੱਲੋਂ ਕਰਵਾਏ ਜਾ ਰਹੇ ਕੰਮਾਂ ਤੇ ਮੋਹਰ ਲਾਉਂਦੇ ਹੋਏ ਜਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੰਜੀਵ ਅਰੋੜਾ



ਆਵਾਜ਼ਿ ਕੌਮ AWAZE QAUM International Newspaper & WEB TV

ਨੂੰ ਭਾਰੀ ਬਹੁਮਤ ਨਾਲ ਜਿਤਾਉਣਗੇ, ਕਿਉਂਕਿ ਰਾਜ ਸਭਾ ਮੈਂਬਰ ਸੰਜੀਵ ਅਰੋੜਾ ਜਿਨਾਂ ਦਾ ਕਿਰਦਾਰ ਇਲਾਕੇ ਵਿੱਚ ਪਹਿਲਾਂ ਹੀ ਬਹੁਤ ਉੱਚਾ ਹੈ ।ਉਨ੍ਹਾਂ ਕਿਹਾ ਕਿ ਪੰਜਾਬ ਦੇ ਹੋਰ ਕਿਸੇ ਵੀ ਪਾਰਟੀ ਦਾ ਉਮੀਦਵਾਰ ਸੰਜੀਵ ਅਰੋੜਾ ਦੇ ਨੇੜੇ ਤੇੜੇ ਵੀ ਨਹੀਂ ਪਹੁੰਚ ਸਕਦਾ ਕਿਉਂਕਿ ਪੰਜਾਬ ਦੇ ਲੋਕ ਜਾਣ ਚੁੱਕੇ ਹਨ ਕਿ ਕਾਂਗਰਸ, ਅਕਾਲੀ ਦਲ ਜਾ ਬੀਜੇਪੀ ਹੋਵੇ ਜਿਹਨਾਂ ਨੇ ਹਮੇਸ਼ਾ ਹੀ ਪੰਜਾਬ ਪੰਜਾਬੀਅਤ ਨਾਲ ਧੋਖਾ ਕੀਤਾ ਹੈ।

### ਨਗਰ ਕੌਂਸਲ ਲੌਂਗੋਵਾਲ ਦੇ

# ਸੀਨੀਅਰ ਮੀਤ ਪ੍ਰਧਾਨ ਅਤੇ ਮੀਤ ਪ੍ਰਧਾਨ ਦੀ ਸਰਬਸੰਮਤੀ ਨਾਲ ਚੋਣ



**ਲੌਂਗੋਵਾਲ ( ਰਣਜੀਤ ਸਿੰਘ ਪੇਧਨੀ)** - ਨਗਰ ਕੌਂਸਲ ਲੌਂਗੋਵਾਲ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਮੀਤ ਪ੍ਰਧਾਨ ਦੀ ਚੋਣ ਅੱਜ ਸਰਬਸੰਮਤੀ ਨਾਲ ਦਫ਼ਤਰ ਵਿਖੇ ਹੋਈ, ਇਸ ਚੋਣ ਵਿੱਚ ਵਾਰਡ ਨੰਬਰ 5 ਤੋਂ ਜਸਪ੍ਰੀਤ ਕੌਰ ਨੂੰ ਸੀਨੀਅਰ ਮੀਤ ਪ੍ਰਧਾਨ ਅਤੇ ਵਾਰਡ ਨੰਬਰ 9 ਤੋਂ ਸੁਸ਼ਮਾ ਰਾਣੀ ਨੂੰ ਮੀਤ ਪ੍ਰਧਾਨ ਚੁਣਿਆ ਗਿਆ। ਇਸ ਚੋਣ ਮੌਕੇ ਸ੍ਰ ਚਰਨਜੋਤ ਸਿੰਘ ਵਾਲੀਆ, ਐਸ ਡੀ ਐਮ ਸੰਗਰੂਰ, ਕਾਰਜ ਸਾਧਕ ਅਫਸਰ ਸ਼੍ਰੀ ਬਾਲ ਕ੍ਰਿਸ਼ਨ, ਡੀ ਐਸ ਪੀ ਸ੍ਰ ਦਲਜੀਤ ਸਿੰਘ ਵਿਰਕ, ਨਗਰ ਕੌਂਸਲ ਪ੍ਰਧਾਨ ਸ਼੍ਰੀਮਤੀ ਪਰਮਿੰਦਰ ਕੌਰ, ਬਲਵਿੰਦਰ ਸਿੰਘ, ਰਿਤੂ ਰਾਣੀ, ਰਣਜੀਤ ਸਿੰਘ, ਰੀਨਾ ਰਾਣੀ, ਗੁਰਮੀਤ ਸਿੰਘ ਫ਼ੌਜੀ, ਮੇਲਾ ਸਿੰਘ, ਸੁਕਰ ਪਾਲ, ਨਸੀਬ ਕੌਰ, ਬਲਵਿੰਦਰ ਸਿੰਘ ਕਾਲਾ, ਗੁਰਮੀਤ ਸਿੰਘ ਲਾਲੀ, ਬਲਜਿੰਦਰ ਕੌਰ, ਜਗਜੀਤ ਸਿੰਘ ਕਾਲਾ (ਸਾਰੇ ਕੌਂਸਲਰ) ਵਿਸ਼ੇਸ਼ ਤੌਰ ਉੱਤੇ ਹਾਜ਼ਰ ਸਨ। ਇਸ ਤੋਂ ਇਲਾਵਾ ਸੰਜੀਵ ਕੁਮਾਰ ਪੀ ਏ ਸ਼੍ਰੀ ਅਮਨ ਅਰੋੜਾ, ਸਰਪੰਚ ਬਲਵਿੰਦਰ ਸਿੰਘ, ਰਾਜ ਸਿੰਘ, ਸੁਖਪਾਲ ਸਿੰਘ, ਵਿਕੀ ਵਸ਼ਿਸ਼ਟ ਬਲਾਕ ਪ੍ਰਧਾਨ, ਭੀਮ ਬਾਵਾ ਸਰਪੰਚ, ਜਗਰਾਜ ਸਿੰਘ ਸਰਪੰਚ, ਵਿਕੀ, ਬਲਵੰਤ ਸਿੰਘ ਐੱਸ ਐੱਚ ਓ ਲੌਂਗੋਵਾਲ, ਵਿਜੈ ਕੁਮਾਰ ਅਤੇ ਸੁਭਾਸ਼ ਸ਼ਰਮਾ ਵੀ ਹਾਜ਼ਰ ਸਨ। ਇਸ ਮੌਕੇ ਚੁਣੇ ਗਏ ਅਹੁਦੇਦਾਰਾਂ ਨੇ ਵਚਨਬੱਧਤਾ ਦੁਹਰਾਈ ਕਿ ਉਹ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਸ਼੍ਰੀ ਅਮਨ ਅਰੋੜਾ ਦੀ ਅਗਵਾਈ ਵਿੱਚ ਲੌਂਗੋਵਾਲ ਅਤੇ ਨਾਲ ਲੱਗਦੇ ਇਲਾਕਿਆਂ ਵਿੱਚ ਵਿਕਾਸ ਲਈ ਸਿਰ ਤੋੜ ਯਤਨ ਕਰਨਗੇ।

**ਕੈਬਨਿਟ ਮੰਤਰੀ ਅਮਨ ਅਰੋੜਾ ਦੀ ਅਗਵਾਈ ਵਿੱਚ ਲੌਂਗੋਵਾਲ ਦੇ ਵਿਕਾਸ ਲਈ ਸਿਰ ਤੋੜ ਯਤਨ ਕਰਨ ਦੀ ਵਚਨਬੱਧਤਾ ਦੁਹਰਾਈ**

# ਫਾਦਰਜ਼ ਡੇ ਦੀ ਅਸਲ ਮਹੱਤਤਾ-ਇੱਕ ਸੋਚ ਪੀੜ੍ਹੀਆਂ ਲਈ : ਪੀ.ਸੀ. ਕੁਮਾਰ

ਫ਼ਿਰੋਜ਼ਪੁਰ, 16 ਜੂਨ (ਮਨੋਹਰ ਲਾਲ) :— ਜਦੋਂ ਅਸੀਂ ਫਾਦਰਜ਼ ਡੇ ਦੀ ਗੱਲ ਕਰਦੇ ਹਾਂ ਤਾਂ ਸਿਰਫ਼ ਇੱਕ ਦਿਨ ਆਪਣੇ ਪਿਉ ਨੂੰ ਮਜਤੀਕਤ ਭੇਜਣ ਜਾਂ ਗਿਫ਼ਟ ਦੇਣ ਦੀ ਰਿਵਾਇਤ ਨਹੀਂ ਹੋਣੀ ਚਾਹੀਦੀ, ਸਗੋਂ ਇਹ ਦਿਨ ਸਾਨੂੰ ਇਹ ਯਾਦ ਦਿਵਾਉਂਦਾ ਹੈ ਕਿ ਅਸਲ ਪਰਉਪਕਾਰ ਆਪਣੇ ਪਿਓ, ਦਾਦਾ, ਪਰਦਾਦਾ ਲਈ ਕੀ ਹੋ ਸਕਦਾ ਹੈ। ਅਸੀਂ ਆਪਣੇ ਵੱਡਿਆਂ ਲਈ ਸਭ ਤੋਂ ਵੱਡਾ ਉਪਕਾਰ ਇਹ ਕਰ ਸਕਦੇ ਹਾਂ ਕਿ ਅਸੀਂ ਆਪਣੇ ਬੱਚਿਆਂ ਨੂੰ, ਪੋਤਿਆਂ, ਦੋਤਿਆਂ ਨੂੰ ਇਕ ਚੰਗਾ ਸੰਸਕਾਰ, ਚੰਗੀ ਸਿੱਖਿਆ, ਸੁਚੱਜਾ ਜੀਵਨ ਅਤੇ ਮਾਣਯੋਗ ਭਵਿੱਖ ਦਿਵਾਈਏ। ਗੱਲਬਾਤ ਕਰਦਿਆਂ ਪੀ.ਸੀ ਕੁਮਾਰ ਨੇ ਕਿਹਾ ਕਿ ਜਦੋਂ ਇੱਕ ਬੱਚਾ ਸਿਹਤਮੰਦ ਹੁੰਦਾ ਹੈ, ਮਨ ਤੋਂ ਖੁਸ਼ ਹੁੰਦਾ ਹੈ, ਸਮਾਜਕ ਤੌਰ ਤੇ ਉੱਤਮ ਵਿਵਹਾਰ ਵਾਲਾ ਅਤੇ ਮਨੁੱਖਤਾ ਦੇ ਮੂਲ ਮਾਣਦੰਡਾਂ ਨੂੰ ਸਮਝਣ ਵਾਲਾ ਹੁੰਦਾ ਹੈ ਤਾਂ ਉਹ ਕੇਵਲ ਆਪਣਾ ਹੀ ਨਹੀਂ, ਸਗੋਂ ਪੂਰੇ ਪਰਿਵਾਰ, ਇਲਾਕੇ ਤੇ ਸਮਾਜ ਦਾ ਮਾਣ ਵਧਾਉਂਦਾ ਹੈ। ਅੱਜ ਜੋ ਅਸੀਂ ਆਸ ਪਾਸ ਦੇਖ ਰਹੇ ਹਾਂ, ਸਰੀਰੀਕ ਬਿਮਾਰੀਆਂ, ਮਾਨਸਿਕ ਤਣਾਅ, ਸਮਾਜਕ ਤਨਾਅ, ਨਸ਼ੇ ਦੀ ਲੱਤ ਅਤੇ ਪਰਿਵਾਰਕ ਝਗੜੇ, ਇਹ ਸਭ ਇਨ੍ਹਾਂ ਹੀ ਸੰਸਕਾਰਾਂ ਅਤੇ ਪਰਿਵਾਰਕ ਸੰਗਠਨ ਦੀ ਘਾਟ ਕਰਕੇ ਪੈਦਾ ਹੋ ਰਹੇ ਹਨ।



ਗੱਲਬਾਤ ਕਰਦਿਆਂ ਪੀ.ਸੀ ਕੁਮਾਰ ਨੇ ਕਿਹਾ ਕਿ ਪਹਿਲਾਂ ਜਦੋਂ ਸਾਂਝੇ ਪਰਿਵਾਰ ਹੁੰਦੇ ਸਨ, ਦਾਦਾ—ਦਾਦੀ, ਨਾਨਾ—ਨਾਨੀ, ਮਾਤਾ—ਪਿਤਾ ਅਤੇ ਬੱਚੇ ਇਕੱਠੇ ਰਹਿੰਦੇ ਸਨ, ਤਦ ਉਨ੍ਹਾਂ ਨੂੰ ਜੀਵਨ ਦੇ ਅਸਲ ਮੂਲ ਚੰਗੇ ਵਿਚਾਰਾਂ ਰਾਹੀਂ ਮਿਲਦੇ ਸਨ। ਵੱਡੇ ਬਜ਼ੁਰਗ ਆਪਣੇ ਅਨੁਭਵ ਰਾਹੀਂ ਸੰਸਕਾਰ ਦਿੰਦੇ, ਜੋ ਬੱਚਿਆਂ ਨੂੰ ਕੇਵਲ ਚੰਗਾ ਵਿਦਿਆਰਥੀ ਹੀ ਨਹੀਂ, ਸਗੋਂ ਭਵਿੱਖ ਦਾ ਜ਼ਿੰਮੇਵਾਰ ਅਤੇ ਸੰਵੇਦਨਸ਼ੀਲ ਨਾਗਰਿਕ ਬਣਾਉਂਦੇ। ਅੱਜ ਦੀ ਤੇਜ਼ ਰਫਤਾਰ ਅਤੇ ਵਿਅਕਤੀਗਤ ਜੀਵਨਸ਼ੈਲੀ ਨੇ ਅਸੀਂ ਪਰਿਵਾਰਾਂ ਨੂੰ ਤੋੜ ਦਿੱਤਾ ਹੈ। ਸੰਸਕਾਰਾਂ ਦੀ ਘਾਟ ਅਤੇ ਇਕਲਾਪਨ ਨੇ ਅਸੀਂ ਮਨੁੱਖੀ ਸੱਭਿਆਚਾਰ ਦੇ ਸਥੰਭ ਹਿਲਾ ਦਿੱਤੇ ਹਨ। ਇਸ ਲਈ ਫਾਦਰਜ਼ ਡੇ ਮਨਾਉਣ ਦਾ ਮਕਸਦ ਸਿਰਫ਼ ਵਧਾਈ ਤੇ ਕਾਰਡ ਤੱਕ ਸੀਮਿਤ ਨਾ ਰਹਿ ਜਾਵੇ, ਅਸਲ ਫਾਦਰਜ਼ ਡੇ ਉਹ ਹੋਵੇਗਾ ਜਦ ਅਸੀਂ ਆਪਣੇ ਪਿਓ ਲਈ ਸਭ ਤੋਂ ਵਧੀਆ ਤੋਹਫ਼ਾ ਇੱਕ ਚੰਗਾ ਪਰਿਵਾਰ, ਸੰਸਕਾਰਿਤ ਪੀੜ੍ਹੀ ਅਤੇ ਨਸ਼ਾ ਰਹਿਤ, ਖੁਸ਼ਹਾਲ ਸਮਾਜ ਬਣਾਈਏ। ਜੇ ਅਸੀਂ ਇਹ ਢੰਗ ਦੇਣ ਲੱਗ ਪਏ ਤਾਂ ਫਾਦਰਜ਼ ਡੇ ਸਿਰਫ਼ ਇੱਕ ਦਿਨ ਨਹੀਂ, ਸਗੋਂ ਸਾਲ ਦੇ 365 ਦਿਨ ਬਣ ਜਾਣਗੇ। ਪੁਰਾਣੀ ਸੰਸਕ੍ਰਿਤੀ ਦੇ ਵਿਰਸੇ ਅਤੇ ਵੱਡਿਆਂ ਦੀ ਅੱਗੇ ਰਾਹ ਦਿਖਾਉਣ ਵਾਲੀ ਰਾਹਤਮਈ ਸੋਚ ਨੂੰ ਅਪਣਾਉਣਾ ਹੀ ਅਸਲ ਉਦੇਸ਼ ਹੋਣਾ ਚਾਹੀਦਾ ਹੈ।

### ਭੁੱਲਰ ਪਰਿਵਾਰ ਵੱਲੋਂ ਮਾਤਾ ਕੁਲਦੀਪ ਕੌਰ ਦੀ ਯਾਦ ਵਿੱਚ

# ਠੰਡੇ ਮਿੱਠੇ ਜਲ ਦੀ ਛਬੀਲ ਲਗਾਈ : ਪ੍ਰਦੀਪ ਸਿੰਘ ਭੁੱਲਰ

**ਫ਼ਿਰੋਜ਼ਪੁਰ, 16 ਜੂਨ (ਮਨੋਹਰ ਲਾਲ)** :— ਮਾਤਾ ਕੁਲਦੀਪ ਕੌਰ ਪਤਨੀ ਸ੍ ਕਰਨੈਲ ਸਿੰਘ ਦੇ ਸਪੁੱਤਰ ਪ੍ਰਦੀਪ ਸਿੰਘ ਭੁੱਲਰ ਉੱਘੇ ਸਮਾਜ ਸੇਵੀ ਮੀਤ ਪ੍ਰਧਾਨ ਪੰਜਾਬ ਸ: ਜੱਸਾ ਸਿੰਘ ਰਾਮਗੜੀਆ ਵੈਲ ਸੋਸਾਇਟੀ ਰਜਿ ਪੰਜਾਬ ਭਾਰਤ ਵੱਲੋਂ ਆਪਣੀ ਮਾਤਾ ਦੀ ਯਾਦ ਵਿੱਚ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ ਗਈ। ਇਸ ਮੌਕੇ ਪਰਦੀਪ ਸਿੰਘ ਭੁੱਲਰ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਅਸੀਂ ਹਰ ਸਾਲ ਮਾਤਾ ਜੀ ਯਾਦ ਵਿੱਚ ਜਿੱਥੇ ਠੰਡੇ ਮਿੱਠੇ ਜਲ ਦੀਆਂ ਛਬੀਲਾਂ ਲਾਉਂਦੇ ਹਾਂ ਉਥੇ ਹੀ ਅਸੀਂ ਗਰੀਬ ਬੱਚਿਆਂ ਨੂੰ ਕਾਪੀਆਂ ਤੇ ਕਿਤਾਬਾਂ ਵੀ ਲੈ ਕੇ ਦਿੰਦੇ ਹਾਂ ਅਤੇ ਵਾਤਾਵਰਨ ਸ਼ੁੱਧ ਕਰਨ ਲਈ ਜਿੰਨਾ ਹੋ ਸਕੇ ਦਰਖਤ ਵੀ ਲਾਈਦੇ ਹਨ ਤਾਂ ਕਿ ਆਉਣ ਵਾਲੀ ਪੀੜੀ ਲਈ ਕੁਝ ਕਰ ਸਕੀਏ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਗਰੀਬ ਲੜਕੀਆਂ ਦੀ ਸ਼ਾਦੀਆਂ ਵਿੱਚ ਵੀ ਮਦਦ ਕਰੀਦੀ ਹੈ। ਉਨ੍ਹਾਂ ਕਿਹਾ ਕਿ ਮੇਰੀ ਮਾਤਾ ਜੀ ਦੇ ਉਪਦੇਸ਼ ਸਨ ਕਿ ਗਰੀਬ ਦੇ ਬੱਚੇ ਨੂੰ ਪੜ੍ਹਾਉਣ ਨਾਲ ਕਈ ਪਰਿਵਾਰ ਤਰ ਜਾਂਦੇ ਹਨ ਤੇ ਸਾਨੂੰ ਵੀ ਇਸ ਦਾ ਪੁੰਨ ਲੱਗਦਾ ਹੈ ਇਸ ਕਰਕੇ ਅਸੀਂ ਹਰ ਸਾਲ ਮਾਤਾ ਜੀ ਦੇ ਕਹੇ ਲਫਜ਼ਾਂ ਤੇ ਖਰੇ ਉਤਰਦੇ ਹਾਂ ਪਰਮਾਤਮਾ ਕਰੇ ਸਾਡੇ ਤੋਂ ਹਮੇਸ਼ਾ ਹੀ ਸੇਵਾ ਲੈਂਦਾ ਰਹੇ ਕਿ ਅਸੀਂ ਕਿਸੇ ਨਾ ਕਿਸੇ ਗਰੀਬ ਬੱਚੇ ਦੀ ਸਹਾਇਤਾ ਕਰਦੇ ਰਹੀਏ ਅਤੇ ਸਮਾਜ ਨੂੰ ਚੰਗਾ ਰੱਖਣ ਲਈ ਦਰਖਤਾਂ ਦੀ ਵੱਧ ਤੋਂ ਵੱਧ ਸੇਵਾ ਕਰਦੇ ਰਹੀਏ। ਇਸ ਮੌਕੇ ਭਗਵਾਨ ਸਿੰਘ ਦੜਿਆਲਾ ਚੈਅਰਮੈਨ ਪੰਜਾਬ, ਹਰਭਜਨ ਸਿੰਘ ਦੜਿਆਲਾ ਜ਼ਿਲ੍ਹਾ ਪ੍ਰਧਾਨ ਫਿਰੋਜ਼ਪੁਰ, ਸ਼ਮਸ਼ੇਰ ਸਿੰਘ ਕਲਸੀ ਮੀਤ ਪ੍ਰਧਾਨ ਪੰਜਾਬ, ਸੁਖਮਿੰਦਰ ਸਿੰਘ ਲਾਡੂ ਮੀਤ ਪ੍ਰਧਾਨ ਪੰਜਾਬ, ਸੁਰਜੀਤ ਸਿੰਘ ਸੱਗੂ ਮੀਤ ਪ੍ਰਧਾਨ ਪੰਜਾਬ, ਅੰਗਰੇਜ਼ ਸਿੰਘ ਫੌਜੀ ਵਾਇਸ ਚੇਅਰਮੈਨ ਪੰਜਾਬ ਤੇ ਸੰਗਤਾਂ ਨੇ ਠੰਡੇ ਮਿੱਠੇ ਜਲ ਦੀ ਵਰਤਾਉਣ ਦੀ ਸੇਵਾ ਨਿਭਾਈ।



# ਜ਼ਿਲ੍ਹਾ ਮੈਜਿਸਟ੍ਰੇਟ ਸੰਗਰੂਰ ਵੱਲੋਂ ਆਈਲੈਟਸ ਅਤੇ ਇਮੀਗਰੇਸ਼ਨ ਕੰਸਲਟੈਂਸੀ ਆਦਿ ਦੇ ਲਾਇਸੰਸ ਰੱਦ



ਸੰਗਰੂਰ ( ਰਣਜੀਤ ਸਿੰਘ ਪੇਧਨੀ ) ਜ਼ਿਲ੍ਹਾ ਮੈਜਿਸਟ੍ਰੇਟ ਸ੍ਰੀ ਸੰਦੀਪ ਰਿਸ਼ੀ ਨੇ ਪੰਜਾਬ ਟਰੈਵਲ ਪ੍ਰੋਫੈਸ਼ਨਲ ਰੇਗੂਲੇਸ਼ਨ ਐਕਟ ਤਹਿਤ ਬਣੇ ਰੂਲਜ ਦੇ ਸਕੇਸ਼ਨ 8(1) ਵਿੱਚ ਦਰਜ ਉਪਬੰਧ ਅਨੁਸਾਰ ਪ੍ਰਾਰਥੀਆਂ ਵੱਲੋਂ ਕੀਤੀ ਗਈ ਪ੍ਰਤੀ ਬੇਨਤੀ ਤਹਿਤ ਉਨ੍ਹਾਂ ਦੇ ਆਇਲੈਟਸ ਇਮੀਗਰੇਸ਼ਨ ਕੰਨਸਲਟੈਂਸੀ ਆਦਿ ਦੇ ਲਾਇਸੰਸ ਰੱਦ ਕਰ ਦਿੱਤੇ ਹਨ। ਜ਼ਿਲ੍ਹਾ ਮੈਜਿਸਟ੍ਰੇਟ ਸੰਦੀਪ ਰਿਸ਼ੀ ਵੱਲੋਂ ਜਾਰੀ ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਪੰਜਾਬ ਸਰਕਾਰ ਵੱਲੋ ਜਾਰੀ ਕੀਤੇ ਗਏ ਪੰਜਾਬ ਮਨੁੱਖੀ ਤਸ਼ਕਰੀ ਰੋਕੂ ਐਕਟ 2012 ਅਧੀਨ ਜਾਰੀ ਪੰਜਾਬ ਮਨੁੱਖੀ ਤਸ਼ਕਰੀ ਨਿਯਮ 2013 (ਸੋਧਿਆ ਨਾਮ ਟਰੈਵਲ ਪ੍ਰਫੈਸ਼ਨਲ ਰੈਗੂਲੇਸ਼ਨ) ਦੇ ਤਹਿਤ" ਸਾਹਮਣੇ ਮੁਲਤਾਨੀ ਢਾਬਾ ਬੱਸ ਸਟੈਂਡ ਰੋਡ, ਧੂਰੀ ਦੇ ਨਾਮ ਤੇ ਸ੍ਰੀਮਤੀ ਲਵਪ੍ਰੀਤ ਕੌਰ ਮਰਾਹੜ ਪਤਨੀ ਸਿਮਰਜੀਤ ਸਿੰਘ ਵਾਸੀ ਕੱਕੜਵਾਲ ਥਾਣਾ ਸਦਰ ਧੂਰੀ ਜ਼ਿਲ੍ਹਾ ਸੰਗਰੂਰ ਨੂੰ ਆਈਲੈਟਸ ਦਾ ਲਾਇਸੰਸ, ਜਾਰੀ ਕੀਤਾ ਗਿਆ ਸੀ। ਜਿਸ ਦੀ ਮਿਆਦ 31-1-2025 ਤੱਕ ਸੀ। ਦੁਕਾਨ ਨੰਬਰ 207, ਨਿਊ ਐਮ.ਏ ਗਰੇਨ ਮਾਰਕਿਟ ਸੁਨਾਮ ਦੇ ਨਾਮ ਤੇ ਸ੍ਰੀ ਦਿਲਪ੍ਰੀਤ ਸਿੰਘ ਪੁੱਤਰ ਪ੍ਰਿਤਪਾਲ ਸਿੰਘ ਵਾਸੀ ਮਕਾਨ ਨੰਬਰ 405, ਗੋਪਾਲ ਨਗਰ ਸੁਨਾਮ ਥਾਣਾ ਸਿਟੀ ਸੁਨਾਮ, ਜ਼ਿਲ੍ਹਾ ਸੰਗਰੂਰ ਨੂੰ ਇੰਮੀਗ੍ਰੇਸ਼ਨ ਕੰਨਸਲਟੈਂਸੀ ਦਾ ਲਾਇਸੰਸ ਨੰਬਰ 06/ਡੀ.ਸੀ/ਐਮ.ਏ/ਸੰਗਰੂਰ/2018 ਨੂੰ ਜਾਰੀ ਕੀਤਾ ਗਿਆ ਸੀ। ਜਿਸ ਦੀ ਮਿਆਦ 14-03-2023 ਤੱਕ ਸੀ। (M/S Spring Institute of Foreign Languages) ਨੇੜੇ ਮਾਤਾ ਮੋਦੀ ਪਾਰਕ ਸੁਨਾਮ ਦੇ ਨਾਮ ਤੇ ਸ੍ਰੀ ਨਵਿੰਦਰਪਾਲ ਸਿੰਘ ਮਹਿਰੋਕ ਪੁੱਤਰ ਗੁਰਚਰਨ ਸਿੰਘ ਵਾਸੀ ਮਕਾਨ ਨੰਬਰ 277, ਵਾਰਡ ਨੰਬਰ 19, ਬਾਬਾ ਗੁਰਦੁਆਰਾ ਸੁਨਾਮ, ਜ਼ਿਲ੍ਹਾ ਸੰਗਰੂਰ ਨੂੰ ਆਈਲੈਟਸ ਅਤੇ ਕੰਨਸਲਟੈਂਸੀ ਦਾ ਲਾਇਸੰਸ ਨੰਬਰ 49/43/MA/SGR/2018 ਨੂੰ ਜਾਰੀ ਕੀਤਾ ਗਿਆ ਸੀ। ਜਿਸ ਦੀ ਮਿਆਦ 14-03-2023 ਤੱਕ ਸੀ। (M/S Global Visa junction) ਐਮ.ਕੇ ਰੋਡ ਸਾਹਮਣੇ ਜਗਨ ਨਾਥ ਪੈਟਰੋਲ ਪੰਪ ਧੂਰੀ, ਜ਼ਿਲ੍ਹਾ ਸੰਗਰੂਰ ਦੇ ਨਾਮ ਸ੍ਰੀ ਹੀਰਾ ਜਿੰਦਲ ਪੁੱਤਰ ਸ਼ਾਮ ਲਾਲ ਵਾਸੀ ਮਕਾਨ ਨੰਬਰ 418, ਵਾਰਡ ਨੰਬਰ 2ਏ, ਜਨਤਾ ਨਗਰ ਧੂਰੀ, ਜ਼ਿਲ੍ਹਾ ਸੰਗਰੂਰ ਨੂੰ ਕੰਨਸਲਟੈਂਸੀ ਦਾ ਲਾਇਸੰਸ ਨੰਬਰ 141/43/MA/SGR/2020 ਨੂੰ ਜਾਰੀ ਕੀਤਾ ਗਿਆ ਸੀ। ਜਿਸ ਦੀ ਮਿਆਦ 16-07-2025 ਤੱਕ ਸੀ। (M/S Justin Services) ਮਹਿਲਾ ਰੋਡ, ਨੇੜੇ ਐਮ.ਆਰ.ਐਫ ਟਾਇਰਜ਼ ਸ਼ੋਅਰੂਮ ਸੰਗਰੂਰ ਦੇ ਨਾਮ ਸ੍ਰੀ ਵਿਨੋਦ ਕੁਮਾਰ ਸ਼ਰਮਾ ਪੁੱਤਰ ਧੰਨ ਰਾਜ ਸ਼ਰਮਾਂ ਵਾਸੀ ਸੇਵਾ ਸਿੰਘ ਠੀਕਰੀਵਾਲ ਕਲੋਨੀ ਸੰਗਰੂਰ ਅਤੇ ਸ੍ਰੀ ਸਚਿਨ ਗਰਗ ਪੁੱਤਰ ਕਾਲੀ ਰਾਮ ਗਰਗ ਕੁਟੇਜ ਗੁਰੂ ਨਾਨਕ ਕਲੋਨੀ ਸੰਗਰੂਰ ਨੂੰ ਇਮੀਗ੍ਰੇਸ਼ਨ ਕੰਨਸਲਟੈਂਸੀ ਦਾ ਲਾਇਸੰਸ ਨੰਬਰ 78/43/MA/SGR/2018 ਨੂੰ ਜਾਰੀ ਕੀਤਾ ਗਿਆ ਸੀ। ਜਿਸ ਦੀ ਮਿਆਦ 01-05-2024 ਤੱਕ ਸੀ। (M/S Achievers Hub) ਨੇੜੇ ਰਿਸ਼ੀ ਹਸਪਤਾਲ , ਮੰਡੇਰ ਇਨਕਲੇਵ , ਜ਼ਿਲ੍ਹਾ ਸੰਗਰੂਰ ਦੇ ਨਾਮ ਤੇ ਸ੍ਰੀ ਪਰਮਿੰਦਰ ਸਿੰਘ ਵਾਸੀ ਹੇੜੀਕੇ, ਤਹਿਸੀਲ ਧੂਰੀ, ਜ਼ਿਲ੍ਹਾ ਸੰਗਰੂਰ ਨੂੰ ਆਈਲੈਟਸ ਦਾ ਲਾਇਸੰਸ ਨੰਬਰ 72/43/MA/SGR/2019 ਨੂੰ ਜਾਰੀ ਕੀਤਾ ਗਿਆ ਸੀ। ਜਿਸ ਦੀ ਮਿਆਦ 26-03-2024 ਤੱਕ ਸੀ। (M/S Inspire Global British School ) ਰੇਲਵੇ ਰੋਡ, ਸੁਨਾਮ ਊਧਮ ਸਿੰਘ ਵਾਲਾ, ਜ਼ਿਲ੍ਹਾ ਸੰਗਰੂਰ ਦੇ ਨਾਮ ਸ੍ਰੀ ਭਗਵਤੀ ਚਰਨ ਧਾਰਨੀ ਪੁੱਤਰ ਲਛਮਣ ਦਾਸ ਵਾਸੀ ਦਸਮੇਸ਼ ਨਗਰ, ਗਲੀ ਨੰ: 1, ਸੰਗਰੂਰ ਵ ਗੁਰਕੀਰਤ ਸਿੰਘ ਪੁੱਤਰ ਸ੍. ਹਰਨਰੈਣ ਸਿੰਘ ਵਾਸੀ ਗਲੀ ਨੰ: 5ਡੀ, ਦਸਮੇਸ਼ ਨਗਰ, ਸੰਗਰੂਰ ਵੱਲੋਂ ਬੇਨਤੀ ਕੀਤੀ ਹੈ ਕਿ ਅਸੀ ਉਕਤ ਦੋਵੇਂ ਅਤੇ ਸੁਰਿੰਦਰ ਸਿੰਘ ਪੁੱਤਰ ਗੁਰਦੇਵ ਸਿੰਘ ਵਾਸੀ ਪਿੰਡ ਸੰਗਤੀਵਾਲਾ, ਤਹਿ: ਲਹਿਰਾ, ਜ਼ਿਲ੍ਹਾ ਸੰਗਰੂਰ ਨੂੰ ਆਈਲੈਂਟਸ ਦਾ ਲਾਇਸੰਸ ਨੰਬਰ 55/ਡੀ.ਸੀ/ਐਮ.ਏ/ਸੰਗਰੂਰ/2018 ਨੂੰ ਜਾਰੀ ਕੀਤਾ ਗਿਆ ਸੀ। ਜਿਸ ਦੀ ਮਿਆਦ 13-12-2023 ਤੱਕ ਸੀ। ਜ਼ਿਲ੍ਹਾ ਮੈਜਿਸਟ੍ਰੇਟ ਨੇ ਸਪੱਸ਼ਟ ਕੀਤਾ ਕਿ ਜੇਕਰ ਉਕਤ ਲਾਇਸੈਂਸ ਧਾਰਕਾਂ ਜਾਂ ਫਰਮਾਂ ਦੇ ਨਾਲ ਸਬੰਧਤ ਕੋਈ ਸ਼ਿਕਾਇਤ/ਕੇਸ ਹੋਵੇਗਾ ਤਾਂ ਇਸ ਸਬੰਧੀ ਉਹ ਖੁਦ ਜਿੰਮੇਵਾਰ ਹੋਣਗੇ।

## ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਮੈਂਬਰ ਗੁਲਜ਼ਾਰ ਸਿੰਘ ਬੌਬੀ ਨੇ ਲੋਕਾਂ ਦੀਆਂ ਸੁਣੀਆਂ ਸ਼ਿਕਾਇਤਾਂ

# ਅਨੁਸੂਚਿਤ ਜਾਤੀਆਂ ਨਾਲ ਭੇਦਭਾਵ ਕਿਸੇ ਵੀ ਹਾਲਤ ਬਰਦਾਸ਼ਤ ਨਹੀਂ



**ਸੁਨਾਮ ( ਰਣਜੀਤ ਸਿੰਘ ਪੇਧਨੀ )**-ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਮੈਂਬਰ ਸ਼੍ਰੀ ਗੁਲਜ਼ਾਰ ਸਿੰਘ ਬੌਬੀ ਨੇ ਪਿੰਡ ਛਾਜਲੀ ਵਿਖੇ ਅਨੁਸੂਚਿਤ ਜਾਤੀਆਂ ਭਾਈਚਾਰੇ ਦੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਸੁਣਿਆ ਅਤੇ ਉਨ੍ਹਾਂ ਦੇ ਜਲਦੀ ਹੱਲ ਦਾ ਭਰੋਸਾ ਦਿੱਤਾ। ਇਸ ਮੌਕੇ ਸ਼੍ਰੀ ਬੌਬੀ ਨੇ ਕਿਹਾ ਕਿ ਅਨੁਸੂਚਿਤ ਜਾਤੀਆਂ ਨਾਲ ਭੇਦਭਾਵ ਕਿਸੇ ਵੀ ਹਾਲਤ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਗ.ਰੀਬ ਵਰਗ ਨੂੰ ਇਨਸਾਫ਼ ਦਿਵਾਉਣ ਲਈ ਕਮਿਸ਼ਨ ਕੋਲ ਸੰਵਿਧਾਨਕ ਸ਼ਕਤੀਆਂ ਹਨ ਤੇ ਕਿਸੇ ਵੀ ਖੇਤਰ ਵਿੱਚ ਜਾਤੀ ਵਿਤਕਰੇਬਾਜ਼ੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਸ਼੍ਰੀ ਬੌਬੀ ਨੇ ਐੱਸ.ਸੀ.ਭਾਈਚਾਰੇ ਦੇ ਲੋਕਾਂ ਨੂੰ ਬੇਝਿਜਕ ਹੋ ਕੇ ਆਪਣੀਆਂ ਸ਼ਿਕਾਇਤਾਂ ਦਰਜ ਕਰਵਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਸ਼ਿਕਾਇਤ ਦਰਜ ਕਰਵਾਉਣ ਨਾਲ ਉਹਨਾਂ ਨੂੰ ਜਲਦ ਇਨਸਾਫ਼ ਮਿਲੇਗਾ। ਉਨ੍ਹਾਂ ਇਹ ਵੀ ਕਿਹਾ ਕਿ ਅਨੁਸੂਚਿਤ ਜਾਤੀਆਂ ਦੇ ਜਾਅਲੀ ਸਰਟੀਫਿਕੇਟ ਬਣਾ ਕੇ ਅਸਲ ਹੱਕਦਾਰਾਂ ਦਾ ਹੱਕ ਮਾਰਨ ਵਾਲਿਆਂ ਖ਼ਿਲਾਫ਼ ਵੀ ਸਖ਼ਤ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਭੀਮ ਆਰਮੀ ਅਤੇ ਬਰਾਸ ਫਾਊਂਡੇਸ਼ਨ ਵੱਲੋਂ ਸਿਰੋਪਾਓ ਦੇ ਕੇ ਉਨ੍ਹਾਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਵੱਖ-ਵੱਖ ਸਮਾਜਿਕ ਜਥੇਬੰਦੀਆਂ ਦੇ ਆਗੂਆਂ ਤੋਂ ਇਲਾਵਾ ਭੀਮ ਆਰਮੀ ਦੇ ਜ਼ਿਲ੍ਹਾ ਆਗੂ ਰੋਹੀ ਸਿੰਘ ਗੋਬਿੰਦਗੜ੍ਹ, ਬਰਾਸ ਫਾਊਂਡੇਸ਼ਨ ਦੇ ਗੁਰਪ੍ਰੀਤ ਸਿੰਘ ਖੋਖਰ, ਮਹਿੰਦਰ ਸਿੰਘ, ਅਜੈਬ ਸਿੰਘ ਨੀਲੋਵਾਲ, ਸੂਬੇਦਾਰ ਗੁਰਸੇਵਕ ਸਿੰਘ, ਤਰਸੇਮ ਸਿੰਘ ਜੇ.ਈ., ਜਸਵੰਤ ਸਿੰਘ ਫੌਜੀ, ਬਿੰਦਰ ਸਿੰਘ ਗੋਬਿੰਦਗੜ੍ਹ, ਐਡਵੋਕੇਟ ਹੰਸਰਾਜ ਬਖਸ਼ੀਵਾਲਾ, ਚਰਨਜੀਤ ਸਿੰਘ ਨਫਰੀਆ, ਡਾ. ਰਾਜ ਭਲਵਾਨ, ਰਾਮ ਸਿੰਘ ਟਿੱਬੀ, ਹਰਦੇਵ ਸਿੰਘ ਮਰਾੜ, ਸੋਨੀ ਮੈਂਬਰ, ਹਰਦੇਵ ਸਿੰਘ ਸੌਣੀ, ਰਜਿੰਦਰਪਾਲ ਸੰਗਰੂਰ, ਘੱਨਈਆ ਲਾਲ ਕੌਂਸਲਰ, ਰਾਮ ਸਿੰਘ ਸੁਨਾਮ ਅਤੇ ਰਾਜਪਾਲ ਸਿੰਘ ਆਦਿ ਹਾਜ਼ਰ ਸਨ।


ਆਵਾਜ਼ਿ ਕੌਮ
AWAZE QAUM
International Newspaper & WEB TV
ਸਿੱਖ ਕੌਮ ਦੀ ਸਰਬ-ਉੱਚ ਸੰਸਥਾ
ਸ੍ਰੀ ਅਕਾਲ ਤਖ਼ਤ ਸਾਹਿਬ ਜੀ
ਦੇ ਗਿਰਜਣਾ ਦਿਵਸ ਦੀਆਂ
ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ
ਵੱਲੋਂ: ਸੰਤ ਗਿਆਨੀ ਹਰਨਾਮ ਸਿੰਘ ਜੀ ਖਾਲਸਾ ਭਿੰਡਰਾਂਵਾਲੇ
ਮੁਖੀ ਦਮਦਮੀ ਟਕਸਾਲ ਜਥਾ ਭਿੰਡਰਾਂ ਮਹਿਤਾ, ਪ੍ਰਧਾਨ ਗੁਰਮਤਿ ਸਿਧਾਂਤ ਪ੍ਰਚਾਰਿਕ ਸੰਤ ਸਮਾਜ

### ਪਿੰਡ ਨਥੇਹਾ ਦਾ ਚਸ਼ਨਪ੍ਰੀਤ ਸਿੰਘ ਚਹਿਲ ਬਣਿਆ

# ਨੇਪਾਲ ਬਾਰਡਰ ’ਤੇ ਪਹਿਲਾ ਸਿੱਖ ਸਬ-ਇੰਸਪੈਕਟਰ









**ਤਲਵੰਡੀ ਸਾਬੋ, 16 ਜੂਨ (ਗੁਰਜੰਟ ਸਿੰਘ ਨਥੇਹਾ)**- ਤਲਵੰਡੀ ਸਾਬੋ ਦੇ ਪਿੰਡ ਨਥੇਹਾ ਦੇ ਚਸ਼ਨਪ੍ਰੀਤ ਸਿੰਘ ਚਹਿਲ ਨੇ ਨੇਪਾਲ ਬਾਰਡਰ (ਗੋਰਖਪੁਰ) ਵਿਖੇ ਪੰਜਾਬ ਦਾ ਪਹਿਲਾ ਸਿੱਖ ਐੱਸ.ਐੱਸ.ਬੀ ਵਿਚ ਸਿੱਧਾ ਸਬ ਇੰਸਪੈਕਟਰ ਬਣ ਕੇ ਪੰਜਾਬ ਅਤੇ ਪਿੰਡ ਨਥੇਹਾ ਦਾ ਨਾਮ ਰੌਸ਼ਨ ਕੀਤਾ ਹੈ। ਚਸ਼ਨਪ੍ਰੀਤ ਸਿੰਘ ਸਿੰਘ ਚਹਿਲ ਪੁੱਤਰ ਬਿੱਕਰ ਸਿੰਘ ਨਥੇਹਾ ਆਪ ਬਲਾਕ ਪ੍ਰਧਾਨ ਤਲਵੰਡੀ ਸਾਬੋ ਨੇ ਐੱਸ.ਐੱਸ.ਸੀ, ਸੀ.ਪੀ.ਓ ਦਾ ਪੇਪਰ ਕਲੀਅਰ ਕਰਨ ਤੋਂ ਬਾਅਦ 48 ਹਫਤੇ ਟ੍ਰੇਨਿੰਗ ਤੋਂ ਬਾਅਦ ਪਾਸ ਆਊਟ ਪਰੇਡ ਉਪਰੰਤ ਡੀ.ਜੀ ਸਾਹਿਬ ਨੇ ਸਟਾਰ ਲਗਾ ਕੇ ਅਹੁਦਾ ਜੁਆਇੰਨ ਕਰਵਾ ਦਿਤਾ। ਹੁਣ ਚਸ਼ਨਪ੍ਰੀਤ ਸਿੰਘ ਨੇਪਾਲ ਬਾਰਡਰ (ਗੋਰਖਪੁਰ) ਵਿਖੇ ਸਬ ਇੰਸਪੈਕਟਰ ਡਿਊਟੀ ਕਰੇਗਾ। ਸਬ ਇੰਸਪੈਕਟਰ ਚਸ਼ਨਪ੍ਰੀਤ ਸਿੰਘ ਨੇ ਦੱਸਿਆ ਕਿ ਇਸ ਪੋਸਟ ਉਪਰ ਅੱਗੇ ਪੜ੍ਹਾਈ ਕਰਨ ਦਾ ਕਾਫੀ ਸਮਾਂ ਮਿਲਦਾ ਹੈ ਕਿ ਮੈਂ ਮੇਰੇ ਅਧਿਆਪਕ, ਮਾਂ ਬਾਪ, ਪਿੰਡ ਅਤੇ ਪੰਜਾਬ ਦਾ ਨਾਮ ਚਮਕਾਉਣ ਲਈ ਹੋਰ ਵੀ ਜਿਆਦਾ ਮਿਹਨਤ ਕਰਾਂਗਾ ਅਤੇ ਮੇਰੇ ਚਾਹੁਣ ਵਾਲਿਆਂ ਨੇ ਮੇਰੇ ਤੋਂ ਜੋ ਵੀ ਉਮੀਦਾਂ ਲਗਾਈਆਂ ਹਨ, ਉਹਨਾਂ ਦੀਆਂ ਉਮੀਦਾਂ ’ਤੇ ਖਰਾ ਉਤਰਨ ਦੀ ਪੂਰੀ ਕੋਸ਼ਿਸ਼ ਕਰਾਂਗਾ। ਚਸ਼ਨਪ੍ਰੀਤ ਸਿੰਘ ਨੇ ਕਿਹਾ ਕਿ ਬੱਸ ਵਾਹਿਗੁਰੂ ਅਤੇ ਮੇਰੇ ਚਾਹੁਣ ਵਾਲਿਆਂ ਦੇ ਅਸ਼ੀਰਵਾਦ ਅਤੇ ਅਰਦਾਸ ਦੀ ਸਖਤ ਜ਼ਰੂਰਤ ਹੈ। ਅਖੀਰ ਵਿਚ ਮੇਰੇ ਵਾਹਿਗੁਰੂ, ਟੀਚਰ, ਮਾਂ-ਬਾਪ, ਰਿਸ਼ਤੇਦਾਰ, ਚਾਚੇ ਤਾਏ, ਮਾਮੇ-ਨਾਨੇ, ਦੋਸਤ-ਮਿੱਤਰ ਅਤੇ ਮੇਰੇ ਪਿੰਡ ਨਥੇਹਾ ਦੇ ਸਮੂਹ ਨਗਰ ਨਿਵਾਸੀਆਂ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ ਖਾਸ ਕਰਕੇ ਮੇਰੀ ਮਾਂ ਜਿਨਾਂ ਦੀਆਂ ਅਸੀਸਾਂ ਸਦਕਾ ਮੈਂ ਅੱਜ ਉਸ ਅਸਥਾਨ ’ਤੇ ਹਾਂ ਜਿਸ ਉਪਰ ਕੋਈ ਪੰਜਾਬੀ ਅੱਜ ਤੱਕ ਨਹੀਂ ਪਹੁੰਚਿਆ। ਇਸ ਮੌਕੇ ਸਬ ਇੰਸਪੈਕਟਰ ਚਸ਼ਨਪ੍ਰੀਤ ਸਿੰਘ ਚਹਿਲ ਦੇ ਪਿਤਾ ਬਿੱਕਰ ਸਿੰਘ ਅਤੇ ਉਹਨਾਂ ਦੇ ਮਾਤਾ ਜਿੱਥੇ ਪਰਮਾਤਮਾ ਦਾ ਸ਼ੁਕਰਾਨਾ ਕੀਤਾ ਉਥੇ ਚਸ਼ਨਪ੍ਰੀਤ ਸਿੰਘ ’ਤੇ ਮਾਣ ਮਹਿਸੂਸ ਕਰਦਿਆਂ ਬੁਲੰਦੀਆਂ ਨੂੰ ਛੂਹਣ ਦੀ ਕਾਮਨਾ ਕੀਤੀ। ਇਸ ਤਰੱਕੀ ਨੂੰ ਦੇਖਦਿਆਂ ਜਿੱਥੇ ਪਰਿਵਾਰ ਦੇ ਵਿੱਚ ਖੁਸ਼ੀ ਦਾ ਮਾਹੌਲ ਹੈ ਉਥੇ ਪਿੰਡ ਵਾਸੀ ਵੀ ਵਧਾਈਆਂ ਦੇ ਰਹੇ ਹਨ।

### ਭਾਜਪਾ ਨਾਲ ਗੱਠਜੋੜ

# ਅਕਾਲੀਆਂ ਦਾ ਖ਼ਿਆਲੀ ਪਲਾਉ: ਪ੍ਰੋ. ਸਰਚਾਂਦ ਸਿੰਘ ਖਿਆਲਾ



**ਅੰਮ੍ਰਿਤਸਰ, 16 ਜੂਨ (ਆਵਾਜ਼ਿ ਕੌਮ ਬਿਊਰੋ)**-ਕੁਝ ਅਕਾਲੀ ਆਗੂਆਂ ਵੱਲੋਂ ਨੇੜਲੇ ਭਵਿੱਖ ਵਿੱਚ ਭਾਜਪਾ ਨਾਲ ਗੱਠਜੋੜ ਬਾਰੇ ਦਿੱਤੇ ਜਾ ਰਹੇ ਬਿਆਨਾਂ ’ਤੇ ਟਿੱਪਣੀ ਕਰਦਿਆਂ ਭਾਜਪਾ ਦੇ ਸੂਬਾਈ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਗੱਠਜੋੜ ਦੀ ਸੰਭਾਵਨਾ ਨੂੰ ਖ਼ਾਰਜ ਕਰ ਦਿੱਤਾ ਅਤੇ ਇਸ ਨੂੰ ਅਕਾਲੀਆਂ ਦਾ ਖ਼ਿਆਲੀ ਪਲਾਉ ਦੱਸਿਆ। ਉਨ੍ਹਾਂ ਕਿਹਾ ਕਿ ਇਹ ਅਕਾਲੀ ਦਲ ਦੇ ਆਗੂਆਂ ਦੀ ਰਾਜਨੀਤਿਕ ਇੱਛਾ ਹੋ ਸਕਦੀ ਹੈ, ਜਿਸ ਕਾਰਨ ਉਹ ਅਫ਼ਵਾਹਾਂ ਫੈਲਾ ਰਹੇ ਹਨ। ਪਰ ਜ਼ਮੀਨੀ ਪੱਧਰ ’ਤੇ ਜਾਂ ਕੇਂਦਰੀ ਪੱਧਰ ’ਤੇ ਅਜਿਹੀ ਕੋਈ ਗੱਲਬਾਤ ਨਹੀਂ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਸਾਰੀ ਸਾਜ਼ਿਸ਼ ਅਕਾਲੀ ਆਗੂਆਂ ਵੱਲੋਂ ਲੋਕਾਂ ਵਿੱਚ ਇਹ ਗ.ਲਤਫ਼ਹਿਮੀ ਪੈਦਾ ਕਰਨ ਲਈ ਰਚੀ ਜਾ ਰਹੀ ਹੈ ਕਿ ਅਕਾਲੀ ਦਲ ਨੇੜਲੇ ਭਵਿੱਖ ਵਿੱਚ ਭਾਜਪਾ ਨਾਲ ਗੱਠਜੋੜ ਕਰੇਗਾ ਅਤੇ ਉਹ ਸੱਤਾ ਵਿੱਚ ਵਾਪਸ ਆਉਣਗੇ। ਸ਼ਰਤਾਂ ’ਤੇ ਗੱਠਜੋੜ ਬਾਰੇ ਉਨ੍ਹਾਂ ਕਿਹਾ ਕਿ 1996 ਵਿੱਚ ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦੀ ਭਾਈਵਾਲੀ ਕਿਸੇ ਸ਼ਰਤ ’ਤੇ ਨਹੀਂ ਸੀ ਸਗੋਂ ਹਿੰਦੂ ਸਿੱਖ ਭਾਈਚਾਰੇ ਦੀ ਸਾਂਝ ਨੂੰ ਮਜ਼ਬੂਤ ਕਰਨ ਲਈ ਸੀ, ਹੁਣ ਅਕਾਲੀ ਆਗੂ ਸ਼ਰਤਾਂ ਨਾਲ ਗੱਠਜੋੜ ਦੀਆਂ ਸੰਭਾਵਨਾਵਾਂ ਬਾਰੇ ਗੱਲ ਕਰ ਰਹੇ ਹਨ। ਸਰਹੱਦ ਖੋਲ੍ਹਣ ਬਾਰੇ, ਜੋ ਕਿ ਗੱਠਜੋੜ ਦੀ ਇੱਕ ਸ਼ਰਤ ਹੈ, ਉਨ੍ਹਾਂ ਕਿਹਾ ਕਿ ਭਾਜਪਾ ਦੀ ਅੱਤਵਾਦ ’ਤੇ ਜ਼ੀਰੋ ਟਾਲਰੈਂਸ ਨੀਤੀ ਹੈ, ਤਾਂ ਫਿਰ ਪਾਕਿਸਤਾਨ ਨਾਲ ਕਿਸੇ ਵੀ ਤਰ੍ਹਾਂ ਦੀ ਗੱਲਬਾਤ ਕਿਵੇਂ ਹੋ ਸਕਦੀ ਹੈ, ਜਿਸ ਨੇ ਭਾਰਤ ਵਿੱਚ ਅੱਤਵਾਦ ਫੈਲਾਉਣ ਵਿੱਚ ਵਿਸ਼ੇਸ਼ ਭੂਮਿਕਾ ਨਿਭਾਈ ਹੈ? ਉਨ੍ਹਾਂ ਕਿਹਾ ਕਿ ਅਕਾਲੀ ਦਲ ਕਿਸੇ ਵੀ ਤਰ੍ਹਾਂ ਗੱਠਜੋੜ ਲਈ ਸੌਦੇਬਾਜ਼ੀ ਕਰਨ ਦੀ ਸਥਿਤੀ ਵਿੱਚ ਨਹੀਂ ਹੈ। ਅਕਾਲੀ ਆਗੂਆਂ ਵੱਲੋਂ ਆਪਣੇ ਆਪ ਨੂੰ ਵੱਡੇ ਭਰਾ ਦੀ ਭੂਮਿਕਾ ਵਿੱਚ ਪੇਸ਼ ਕਰਨ ’ਤੇ ਹੈਰਾਨੀ ਪ੍ਰਗਟ ਕਰਦਿਆਂ ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦਾ ਵਜੂਦ ਹੁਣ ਪੰਜਾਬ ਵਿੱਚ ਨਾ-ਮਾਤਰ ਹੈ, 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਭਾਜਪਾ ਨੂੰ 6 ਪ੍ਰਤੀਸ਼ਤ ਤੋਂ ਘੱਟ ਵੋਟਾਂ ਮਿਲੀਆਂ, ਜਦੋਂ ਕਿ 2024 ਦੀਆਂ ਲੋਕ ਸਭਾ ਚੋਣਾਂ ਦੌਰਾਨ ਭਾਜਪਾ 18.5 ਪ੍ਰਤੀਸ਼ਤ ਵੋਟਾਂ ਪ੍ਰਾਪਤ ਕਰਕੇ ਪੰਜਾਬ ਵਿੱਚ ਤੀਜੀ ਸਭ ਤੋਂ ਵੱਡੀ ਪਾਰਟੀ ਬਣ ਗਈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਨੂੰ ਸਿਰਫ਼ 13 ਪ੍ਰਤੀਸ਼ਤ ਵੋਟਾਂ ਮਿਲਣਾ ਸਪੱਸ਼ਟ ਕਰਦਾ ਹੈ ਕਿ ਪੰਥ ਨੇ ਅਕਾਲੀ ਦਲ ਨੂੰ ਰੱਦ ਕਰ ਦਿੱਤਾ ਹੈ। ਅਜਿਹੀ ਸਥਿਤੀ ਵਿੱਚ, ਅਕਾਲੀ ਦਲ ਵੱਲੋਂ ਆਪਣੇ ਆਪ ਨੂੰ ਵੱਡੇ ਭਰਾ ਦੀ ਭੂਮਿਕਾ ਵਿੱਚ ਪੇਸ਼ ਕਰਨਾ ਸਿਰਫ਼ ਇੱਕ ਕਲਪਨਾ ਤੋਂ ਵੱਧ ਕੁਝ ਨਹੀਂ ਹੈ। ਉਨ੍ਹਾਂ ਕਿਹਾ ਕਿ ਭਾਜਪਾ 117 ਹਲਕਿਆਂ ਤੋਂ ਚੋਣਾਂ ਲੜ ਚੁੱਕੀ ਹੈ ਅਤੇ ਹੁਣ ਇਹ ਪਹਿਲਾਂ ਵਰਗੀ ਸਥਿਤੀ ਵਿੱਚ ਨਹੀਂ ਹੈ, ਪਰ ਇੱਕ ਮਜ਼ਬੂਤਪਾਰਟੀ ਵਜੋਂ ਆਪਣੀ ਪਛਾਣ ਬਣਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਇਹ ਬਹੁਤ ਹੈਰਾਨੀ ਵਾਲੀ ਗੱਲ ਹੈ ਕਿ 2019 ਵਿੱਚ ਗੱਠਜੋੜ ਤੋੜਨ ਤੋਂ ਬਾਅਦ, ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਭਾਜਪਾ ’ਤੇ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿੱਚ ਦਖਲਅੰਦਾਜ਼ੀ ਕਰਨ, ਦਿੱਲੀ ਕਮੇਟੀ ਅਤੇ ਹਰਿਆਣਾ ਕਮੇਟੀ ਨੂੰ ਖੋਹਣ ਅਤੇ ਭਾਜਪਾ ਵਿੱਚ ਸ਼ਾਮਲ ਹੋਏ ਅਕਾਲੀ ਆਗੂਆਂ ਨੂੰ ਪੰਥ ਦੇ ਗ.ੱਦਾਰ ਹੋਣ ਵਰਗੇ ਬੇਬੁਨਿਆਦ ਬਿਆਨ ਦੇ ਚੁੱਕੇ ਹਨ, ਹੁਣ ਉਹ ਭਾਜਪਾ ਨਾਲ ਗੱਠਜੋੜ ਦਾ ਸੁਪਨਾ ਕਿਵੇਂ ਦੇਖ ਸਕਦੇ ਹਨ?

## ਪੰਥ ਅਤੇ ਪੰਜਾਬ ਦੇ ਹਿਤਾਂ ਦੀ ਰਾਖੀ ਲਈ ਅਤੇ ਪੰਥ ਵਿਰੋਧੀ ਤਾਕਤਾਂ ਨੂੰ ਮੂੰਹ ਤੋੜਵਾ ਜਬਾਬ ਦੇਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਸਿਧਾਂਤਾਂ ਦੀ ਰੋਸ਼ਨੀ ਵਿੱਚ ਧੜਿਆ ਦੀ ਨਹੀ ਮੁਕੰਮਲ ਪੰਥਕ ਏਕਤਾ ਦੀ ਜ਼ਰੂਰਤ ਹੈ : ਕਰਨੈਲ ਸਿੰਘ ਪੰਜੋਲੀ



**ਨਵੀਂ ਦਿੱਲੀ, 16 ਜੂਨ (ਆਵਾਜ਼ਿ ਕੌਮ ਬਿਊਰੋ)**-ਕਦੇ ਪੰਜਾਬ ਨੂੰ ਲੁੱਟਣ ਲਈ ਕਾਬਲ ਕੰਧਾਰ ਤੋ ਵੱਡੇ ਵੱਡੇ ਧਾੜਵੀ ਆਉਂਦੇ ਸਨ । ਉਹ ਪੰਜਾਬ ਸਮੇਤ ਭਾਰਤ ਭਰ ਵਿੱਚੋਂ ਧੰਨ ਦ ਦੌਲਤ ਅਤੇ ਔਰਤਾਂ ਨੂੰ ਲੁੱਟ ਕੇ ਲੈ ਜਾਂਦੇ ਸਨ । ਦੇਵੀ ਦੇਵਤਿਆਂ ਸਹਾਰੇ ਜਿਊਂਦੇ ਭਾਰਤ ਵਿੱਚੋਂ ਕਿਸੇ ਇੱਕ ਵੀ ਅਣਖੀਲੇ ਯੋਧੇ ਨੇ ਤਲਵਾਰ ਖਿੱਚ ਕੇ ਉਨਾ ਧਾੜਵੀਆਂ ਨੂੰ ਵੰਗਾਰ ਨਹੀਂ ਪਾਈ ।ਅਖੀਰ ਇਸ ਜਬਰ , ਜ਼ੁਲਮ ਅੱਤਿਆਚਾਰ ਅਤੇ ਲੁੱਟ ਦੇ ਵਿਰੁੱਧ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਖ਼ਾਲਸੇ ਨੇ ਤਲਵਾਰ ਖਿੱਚੀ ਅਤੇ ਸਦਾ ਲਈ ਇਹਨਾ ਧਾੜਵੀਆਂ ਦਾ ਰਾਹ ਹੀ ਬੰਦ ਨਹੀ ਕੀਤਾ ਬਲਕਿ ਲੁੱਟਿਆ ਧੰਨ ਵੀ ਵਾਪਸ ਲਿਆਂਦਾ ਅਤੇ ਭਾਰਤ ਦੀ ਅਜ਼ਮਤ ਨੂੰ ਵੀ ਬਚਾਇਆ । ਅੱਜ ਕਾਬਲ ਕੰਧਾਰ ਦੀ ਬਜਾਏ ਦਿੱਲੀ ਦਾ ਧਾੜਵੀ ਗੈਂਗ ਕਨੂੰਨ ਦੀ ਸ਼ਕਤੀ ਦੇ ਜ਼ਰੀਏ ਪੰਜਾਬ ਨੂੰ ਲੁੱਟ ਹੀ ਨਹੀ ਰਿਹਾ ਬਲਕਿ ਪੰਜਾਬ ਦਾ ਅਣਖੀਲਾ ਸੱਭਿਆਚਾਰ ਵੀ ਤਬਾਹ ਕੀਤਾ ਜਾ ਰਿਹਾ ਹੈ । ਪੰਥ ਅਤੇ ਪੰਜਾਬ ਮੂਕ ਦਰਸ਼ਕ ਬਣਕੇ ਦੇਖ ਹੀ ਨਹੀਂ ਰਹੇ ਬਲਕਿ ਇੱਕ ਦੂਸਰੇ ਵਿਰੁੱਧ ਭੰਡੀ ਪ੍ਰਚਾਰ ਵਿੱਚ ਹੀ ਉਲਝੇ ਪਏ ਹਨ । ਦਿੱਲੀ ਦਾ ਇਹ ਧਾੜਵੀ ਗੈਂਗ ਬੜੇ ਅਰਾਮ ਨਾਲ ਪੰਜਾਬ ਨੂੰ ਲੁੱਟ ਰਿਹਾ ਹੈ । ਪੰਥ ਅਤੇ ਪੰਜਾਬ ਦੇ ਹਾਲਾਤ ਵੇਖੋ ਕਿਤੇ ਸ਼ਿਵ ਸੈਨਾ ਵਾਲੇ ਇਕੱਲੇ ਸਿੱਖ ਨੂੰ ਵੇਖ ਕੇ ਕੁੱਟ ਰਹੇ ਹਨ ਕਿਤੇ ਬਿਹਾਰੀ ਭਈਏ ਕਿਸਾਨਾਂ ਨੂੰ ਹੀ ਕੁੱਟੀ ਜਾ ਰਹੇ ਹਨ । ਹਰ ਰੋਜ਼ ਪੰਜਾਬ ਵਿੱਚ ਕਤਲ ਹੋ ਰਹੇ ਹਨ , ਲੁੱਟਾਂ ਖੋਹਾਂ ਹੋ ਰਹੀਆਂ ਹਨ , ਨਸ਼ਿਆ ਨਾਲ ਪੰਜਾਬੀ ਨੌਜਵਾਨੀ ਨੂੰ ਤਬਾਹ ਕੀਤਾ ਜਾ ਰਿਹਾ ਹੈ । ਇਸ ਸਾਰੇ ਕੁੱਝ ਨੂੰ ਵੇਖ ਕੇ ਪੰਜਾਬ ਦਾ ਨੌਜਵਾਨ ਖਾਸ ਕਰਕੇ ਸਿੱਖ ਨੌਜਵਾਨ ਪੰਜਾਬ ਨੂੰ ਛੱਡ ਵਿਦੇਸ਼ਾਂ ਵੱਲ ਨੂੰ ਕੂਚ ਕਰ ਰਿਹਾ ਹੈ । ਸਿੱਖਾਂ ਦੀ ਧਾਰਮਿਕ ਅਤੇ ਰਾਜਨੀਤਕ ਲੀਡਰਸ਼ਿੱਪ ਨੂੰ ਇੱਕ ਦੂਸਰੇ ਵਿਰੁੱਧ ਬਿਆਨਬਾਜ਼ੀ ਕਰਨ ਤੋਂ ਹੀ ਵੇਹਲ ਨਹੀਂ ਮਿੱਲ ਰਹੀ । ਪੰਜਾਬ ਸਿਰ ਕਰਜ਼ੇ ਉੱਤੇ ਕਰਜ਼ਾ ਲਗਾਤਾਰ ਚੜੀ ਜਾ ਰਿਹਾ ਹੈ । ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਦਿੱਲੀ ਦੇ ਧਾੜਵੀ ਗੈਗ ਨੇ ਪੂਰੀ ਤਰਾ ਬੰਧਕ ਬਣਾ ਰੱਖਿਆ ਹੈ । ਪੰਜਾਬ ਨੇ ਜਿਹਨਾ 92 ਐਮ ਐੱਲ ਏਜ ਨੂੰ ਪੰਜਾਬ ਦੇ ਹਿੱਤਾਂ ਦੀ ਰਾਖੀ ਲਈ ਚੁਣਿਆ ਸੀ ਉਨਾ ਨੇ ਦਿੱਲੀ ਤੋਂ ਆਏ ਧਾੜਵੀ ਗੈਗ ਦੀ ਪੁਰੀ ਤਰਾਂ ਗੁਲਾਮੀ ਪਰਵਾਨ ਕਰ ਲਈ ਹੈ । ਪੰਥ ਦੀ ਧਾਰਮਿਕ ਅਤੇ ਰਾਜਨੀਤਕ ਲੀਡਰਸ਼ਿੱਪ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਸਿਧਾਂਤਾਂ ਦੀ ਰੋਸ਼ਨੀ ਵਿੱਚ ਮਿਲ ਬੈਠ ਕੇ ਅਪਣੇ ਮਤਭੇਦ ਭੁਲਾਉਣੇ ਚਾਹੀਦੇ ਹਨ ਅਤੇ ਮੁਕੰਮਲ ਪੰਥਕ ਏਕਤਾ ਕਰਨੀ ਚਾਹੀਦੀ ਹੈ ਅਤੇ ਪੰਜਾਬੀਆ ਨੂੰ ਨਾਲ ਲੈ ਕੇ ਪੰਥ ਨੂੰ , ਪੰਥ ਵਿਰੋਧੀ ਸ਼ਕਤੀਆਂ ਵੱਲੋਂ ਕੀਤੇ ਜਾ ਰਹੇ ਹਮਲਿਆਂ ਦਾ ਟਾਕਰਾ ਕਰਨਾ ਚਾਹੀਦਾ ਹੈ ਅਤੇ ਪੰਜਾਬ ਦੇ ਹਿੱਤਾਂ ਦੀ ਵੀ ਪਹਿਰੇਦਾਰੀ ਕਰਨੀ ਚਾਹੀਦੀ ਹੈ । ਕਰਨੈਲ ਸਿੰਘ ਪੰਜੋਲੀ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

## ਵਿਸ਼ਵ ਭਾਈ ਮਰਦਾਨਾ ਸੋਸਾਇਟੀ ਦੇ ਸਹਿਯੋਗੀ ਸੱਜਣ ਬਲਜਿੰਦਰ ਸਿੰਘ ਬੱਬੂ ਨੂੰ ਸਦਮਾ ਮਾਤਾ ਦਾ ਦੇਹਾਂਤ



**ਫ਼ਿਰੋਜ਼ਪੁਰ, 16 ਜੂਨ (ਮਨੋਹਰ ਲਾਲ)**:—ਵਿਸ਼ਵ ਭਾਈ ਮਰਦਾਨਾ ਯਾਦਗਾਰੀ ਕੀਰਤਨ ਦਰਬਾਰ ਸੁਸਾਇਟੀ ਦੇ ਪੁਰਾਣੇ ਸੱਜਣ ਅਤੇ ਸਹਯੋਗੀ ਬਲਜਿੰਦਰ ਸਿੰਘ ਬੱਬੂ ਹੁਸੈਨੀਵਾਲਾ ਜਿਨਾਂ ਦੇ ਮਾਤਾ ਜੀ ਪਿਛਲੇ ਹਫਤੇ ਸੰਦੀਵੀਂ ਵਿਛੋੜਾ ਦੇ ਗਏ ਸਨ ਉਨ੍ਹਾਂ ਨਾਲ ਵਿਸ਼ਵ ਭਾਈ ਮਰਦਾਨਾ ਸੁਸਾਇਟੀ ਨੇ ਦੁੱਖ ਸਾਂਝਾ ਕੀਤਾ। ਇਸ ਸਬੰਧੀ ਗੱਲਬਾਤ ਕਰਦਿਆਂ ਸੋਸਾਇਟੀ ਦੇ ਪ੍ਰਧਾਨ ਜਗਜੀਤ ਸਿੰਘ ਭੁੱਲਰ ਨੇ ਆਖਿਆ ਕਿ ਬਲਜਿੰਦਰ ਸਿੰਘ ਬੱਬੂ ਤੇ ਉਨ੍ਹਾਂ ਦਾ ਪਰਿਵਾਰ ਉਨ੍ਹਾਂ ਦੇ ਪਿਤਾ ਜੀ ਚੰਨਨ ਸਿੰਘ ਉਹ ਹਮੇਸ਼ਾ ਹੀ ਭਾਈ ਮਰਦਾਨਾ ਸੋਸਾਇਟੀ ਦੇ ਨਾਲ ਸ਼ੁਰੂ ਤੋਂ ਚਲਦੇ ਆ ਰਹੇ ਹਨ ਤੇ ਜਦੋਂ ਵੀ ਕੋਈ ਸੇਵਾ ਦੀ ਲੋੜ ਹੁੰਦੀ ਹ ਜਾਂ ਕੋਈ ਸਬਜ਼ੀ ਦੀ ਲੋੜ ਹੁੰਦੀ ਹੈ ਉਹ ਹਮੇਸ਼ਾ ਹੀ ਵੱਧ ਚੜ ਕੇ ਹਿੱਸਾ ਲੈਂਦੇ ਹਨ। ਉਨ੍ਹਾਂ ਦੀ ਮਾਤਾ ਜੀ ਮਾਤਾ ਗੁਰਚਰਨ ਕੌਰ ਦੇ ਦੇਹਾਂਤ ਤੇ ਵਿਸ਼ਵ ਭਾਈ ਮਰਦਾਨਾ ਸੋਸਾਇਟੀ ਵੱਲੋਂ ਦੁੱਖ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ। ਮਾਤਾ ਜੀ ਨੂੰ ਮਿਲਣ ਦਾ ਮੌਕਾ ਸਾਨੂੰ ਇੱਕ ਸਾਲ ਪਹਿਲਾਂ ਮਿਲਿਆ ਸੀ ਅਸੀਂ ਉਦੋਂ ਇਨ੍ਹਾਂ ਦੇ ਘਰੇ ਗਏ ਸੀ ਮਾਤਾ ਜੀ ਬੈਡ ਰੈਸਟ ਦੇ ਉਪਰ ਸਨ ਉਨ੍ਹਾਂ ਦੀ ਸਿਹਤ ਪਿਛਲੇ ਕੁਝ ਸਾਲਾਂ ਤੋਂ ਠੀਕ ਨਹੀਂ ਚੱਲ ਰਹੀ ਸੀ ਪਿਛਲੇ ਦਿਨੀ ਉਨ੍ਹਾਂ ਦਾ ਦੇਹਾਂਤ ਹੋ ਗਿਆ। ਗੱਲਬਾਤ ਕਰਦਿਆਂ ਜਗਜੀਤ ਸਿੰਘ ਭੁੱਲਰ ਨੇ ਕਿਹਾ ਕਿ ਮਾਤਾ ਗੁਰਚਰਨ ਕੌਰ ਜੀ ਦਾ ਅੰਤਿਮ ਅਰਦਾਸ ਭੋਗ 21 ਜੂਨ ਨੂੰ ਪਰਮਾਰਥ ਭਵਨ ਵਿਖੇ ਰੱਖੇ ਗਏ ਹਨ, ਜਿਥੇ ਸਾਰੀਆਂ ਸੰਗਤਾਂ ਅਤੇ ਸਾਰੇ ਸੋਸਾਇਟੀ ਮੈਂਬਰਾਂ ਨੂੰ ਵੀ ਬੇਨਤੀ ਹੈ ਕਿ 21 ਜੂਨ ਨੂੰ ਪਰਮਾਰਥ ਭਵਨ ਵਿੱਚ ਪਹੁੰਚਣ ਦੀ ਕ੍ਰਿਪਾਲਤਾ ਕਰਨੀ। ਸਾਰੇ ਸੁਸਾਇਟੀ ਮੈਂਬਰਾਂ ਦਾ ਸਹਿਯੋਗੀ ਸੱਜਣਾਂ ਦਾ ਬਾਹਰੋਂ ਇੰਗਲੈਂਡ ਤੋਂ ਅਮਰੀਕਾ ਤੋਂ ਸੰਗਤਾਂ ਨੇ ਦੁੱਖ ਦਾ ਪ੍ਰਗਟਾਵਾ ਬਲਜਿੰਦਰ ਸਿੰਘ ਬੱਬੂ ਹੁਸੈਨੀਵਾਲਾ ਨਾਲ ਕੀਤਾ ਅਤੇ ਅਰਦਾਸ ਕੀਤੀ ਕਿ ਪਰਮਾਤਮਾ ਵਿਛੜੀ ਰੂਹ ਨੂੰ ਆਪਣੇ ਚਰਨਾਂ ਚ ਨਿਵਾਸ ਬਖਸ਼ੇ। ਇਸ ਮੌਕੇ ਹਰਜੀਤ ਸਿੰਘ ਧਾਲੀਵਾਲ, ਦਰਸ਼ਨ ਲਾਲ, ਹੀਰਾ ਰਾਜੇਸ਼ ਕੁਮਾਰ, ਇੰਦਰਪਾਲ, ਪ੍ਰਿੰਸ ਹਰਦੀਪ ਸਿੰਘ ਰੱਜੀ ਵਾਲਾ, ਗੁਰਮੀਤ ਸਿੰਘ ਹਸਤੀ ਵਾਲਾ, ਨਿਰਮਲ ਸਿੰਘ, ਪਰਮਜੀਤ ਸਿੰਘ ਪੰਮਾ, ਰਣਬੀਰ ਸਿੰਘ ਸਿੰਘ ਰਾਣਾ ਆਦਿ ਹਾਜਰ ਸਨ।

## ਬਰਨਾਲਾ ਸੰਘੇੜਾ ਬਾਈਪਾਸ ਤੇ ਕਾਰਾਂ ਦੀ ਆਹਮੋ- ਸਾਹਮਣੇ ਹੋਈ ਟੱਕਰ ਵਿੱਚ ਇੱਕ ਲੜਕੀ ਸਮੇਤ ਚਾਰ ਵਿਅਕਤੀ ਜਖਮੀ

**ਬਰਨਾਲਾ 16 ਜੂਨ (ਆਵਾਜ਼ਿ ਕੌਮ ਬਿਊਰੋ)**-ਅੱਜ ਬਰਨਾਲਾ ਵਿਖੇ ਸੰਘੇੜਾ ਬਾਈਪਾਸ ਤੇ ਹੋਏ ਇੱਕ ਸੜਕ ਹਾਦਸੇ ਵਿੱਚ ਦੋ ਕਾਰਾਂ ਆਪਸ ਵਿੱਚ ਟਕਰਾ ਗਈਆਂ ਜਿਸ ਕਾਰਨ ਕਾਰ ਚਾਲਕਾਂ ਦੇ ਮਾਮੂਲੀ ਸੱਟਾਂ ਲੱਗੀਆਂ ਗਨੀਮਤ ਇਹ ਰਹੀ ਕਿ ਕਿਸੇ ਜਾਨੀ ਨੁਕਸਾਨ ਤੋਂ ਬਚਾ ਰਿਹਾ ਪੁਲਿਸ ਨੇ ਮੌਕੇ ਤੇ ਪਹੁੰਚ ਕੇ ਕਾਰਾਂ ਨੂੰ ਸੜਕ ਤੋਂ ਪਾਸੇ ਕਰਕੇ ਟਰੈਫਿਕ ਚਾਲੂ ਕੀਤਾ । ਪ੍ਰਤੱਖ ਦਰਸ਼ੀਆਂ ਅਨੁਸਾਰ ਕਾਰ ਨੰਬਰ ਪੀ ਬੀ19 ਯੂ 7889 ਜਿਸ ਨੂੰ ਕਮਲਪ੍ਰੀਤ ਪੁੱਤਰ ਹਰਨੇਕ ਸਿੰਘ ਵਾਸੀ ਮਹਿਲ ਕਲਾਂ ਚਲਾ ਰਿਹਾ ਸੀ ਇਹ ਬਰਨਾਲਾ ਸਾਈਡ ਤੋਂ ਮਹਿਲ ਕਲਾਂ ਨੂੰ ਜਾ ਰਿਹਾ ਸੀ ਸੰਘੇੜਾ ਸਾਈਡ ਤੋਂ ਆਉਣ ਵਾਲੀ ਏਸੈਂਟ ਕਾਰ ਨੰਬਰ ਪੀ ਬੀ 08 ਏ ਵਾਈ 0302 ਨੇ ਗਲਤ ਸਾਈਡ ਤੋਂ ਆ ਕੇ ਉਕਤ ਗੱਡੀ ਨੂੰ ਟੱਕਰ ਮਾਰ ਦਿੱਤੀ ਜਿਸ ਕਾਰਨ ਉਕਤ ਕਾਰ ਡਰਾਈਵਰ ਕਮਲਪ੍ਰੀਤ ਸਿੰਘ ਦੇ ਅੱਖ ਦੇ ਉੱਪਰਲੇ ਪਾਸੇ ਮੱਥੇ ਵਿੱਚ ਤੇ ਚੋਟ ਲੱਗੀ ਜਿਸ ਨੂੰ ਤੁਰੰਤ ਸਿਵਿਲ ਹਸਪਤਾਲ ਬਰਨਾਲਾ ਪਹੁੰਚਾਇਆ ਗਿਆ ਪ੍ਰਤੱਖ ਦਰਸੀਆਂ ਦੇ ਦੱਸਣ ਅਨੁਸਾਰ ਏਸੈਂਟ ਕਾਰ ਵਿਚ 25 ਤੋਂ 27 ਸਾਲ ਦੇ ਦਰਮਿਆਨ ਦੋ ਲੜਕੇ ਅਤੇ ਇੱਕ 25 ਸਾਲ ਦੇ ਕਰੀਬ ਦੀ ਲੜਕੀ ਸਵਾਰ ਸੀ । ਜਿਨਾਂ ਦੇ ਵੀ ਕਾਫੀ ਸੱਟਾਂ ਲੱਗੀਆਂ ਹਨ ਇਸ ਸਮੇਂ ਉਹ ਵੀ ਸਿਵਲ ਹਸਪਤਾਲ ਬਰਨਾਲਾ ਵਿੱਚ ਦਾਖਲ ਹਨ। ਡਰਾਈਵਰ ਦੇ ਬਰਾਬਰ ਵਾਲੀ ਸ਼ੀਟ ਤੇ ਬੈਠੀ ਸੀ ਜਿਸ ਸਮੇਂ ਇਹ ਹਾਦਸਾ ਵਾਪਰਿਆ ਤਾਂ ਉਸ ਸਮੇਂ ਏਸੈਂਟ ਕਾਰ ਚਾਲਕ ਦਾ ਨਸ਼ਾ ਕੀਤਾ ਜਾਪਦਾ ਸੀਤ ਜਿਸ ਕਾਰਨ ਗੱਡੀ ਬੇਕਾਬੂ ਹੋ ਕੇ ਸਾਹਮਣੇ ਤੋਂ ਆ ਰਹੀ ਗੱਡੀ ਨਾਲ ਟਕਰਾਕੇ ਦੂਸਰੀ ਗੱਡੀ ਦੇ ਪਿੱਛੇ ਆ ਰਹੀ ਬਰੀਜਾ ਗੱਡੀ ਵਿੱਚ ਜਾ ਵੱਜੀ। ਪੁਲਿਸ ਥਾਣਾ ਸਿਟੀ 1 ਵਿੱਚ ਤੈਨਾਤ ਏਐਸਆਈ ਅਵਤਾਰ ਸਿੰਘ ਇਸ ਮਾਮਲੇ ਦੀ ਪੂਰੀ ਤਫਤੀਸ਼ ਕਰਨ ਵਿੱਚ ਜੁਟੇ ਹੋਏ ਨੇ । ਉਹਨਾਂ ਕਿਹਾ ਕਿ ਤਫਤੀਸ਼ ਦੌਰਾਨ ਜਿਸ ਵੀ ਕਾਰ ਚਾਲਕ ਦੀ ਗਲਤੀ ਹੋਵੇਗੀ ਉਸ ਦੇ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ ’ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243


DAMDAMI TAKSAL
AMRIT
SANCHAARS
JUNE/JULY 2025
ਆਵਾਜ਼ਿ ਕੌਮ
AWAZE QAUM
International Newspaper & WEB TV
SMETHWICK
SATURDAY 28TH JUNE | 11AM
GNG SMETHWICK, 130 HIGH ST, SMETHWICK, B66 3AP
EAST LONDON
SATURDAY 5TH JULY | 1PM
SRI GURU SINGH SABHA, 2-8 PARK AVE, SOUTHALL, UB1 3AG
SOUTHALL
SUNDAY 20TH JULY | 1PM
SRI GURU SINGH SABHA, 2-8 PARK AVE, SOUTHALL, UB1 3AG
CONTACT 07940 270 120 FOR MORE DETAILS


DAMDAMI TAKSAL
JATHA (UK & EUROPE)
ਅੰਮ੍ਰਿਤ ਸੰਚਾਰ
AMRIT SANCHAR
SOUTHALL
ਆਵਾਜ਼ਿ ਕੌਮ AWAZE QAUM
International Newspaper & WEB TV
SUNDAY 20TH JULY | 1PM
SRI GURU SINGH SABHA SOUTHALL
2-8 PARK AVE | SOUTHALL | UB1 3AG
ਕੇਸੀ ਇਸ਼ਨਾਨ ਕਰਕੇ ਪਹੁੰਚੋ । ਕੱਕਾਰ ਉਪਲਬਧ ਹੋਣਗੇ
ARRIVE AFTER DOING FULL KESI ISHNAAN (BODY & HAIR WASH)
KAKKARS WILL BE AVAILABLE
CONTACT 07940 270 120 FOR MORE DETAILS


DAMDAMI TAKSAL
JATHA (UK & EUROPE)
ਅੰਮ੍ਰਿਤ ਸੰਚਾਰ
AMRIT SANCHAR
WEST MIDLANDS
ਆਵਾਜ਼ਿ ਕੌਮ AWAZE QAUM
International Newspaper & WEB TV
SATURDAY 28TH JUNE | 11AM
GURU NANAK GURDWARA SMETHWICK
130 HIGH ST | SMETHWICK | B66 3AP
ਕੇਸੀ ਇਸ਼ਨਾਨ ਕਰਕੇ ਪਹੁੰਚੋ । ਕੱਕਾਰ ਉਪਲਬਧ ਹੋਣਗੇ
ARRIVE AFTER DOING FULL KESI ISHNAAN (BODY & HAIR WASH)
KAKKARS WILL BE AVAILABLE
CONTACT 07940 270 120 FOR MORE DETAILS

**ਦਲਿਤਾਂ ਨਾਲ ਜ਼ਿਆਦਤੀ ਦੇ ਮੁੱਦੇ ਤੇ ਸ੍ਰ ਚਰਨਜੀਤ ਸਿੰਘ ਚੰਨੀ ਨਾਲ ਸਨਤਾਮ ਸਿੰਘ ਗਿੱਲ ਨੇ ਟੀਮ ਸਮੇਤ ਕੀਤੀ ਮਿਲਣੀ**

# ਜਾਤੀ ਵਿਤਕਰੇ ਅਤੇ ਪ੍ਰਸ਼ਾਸਨਿਕ ਮਾਮਲਿਆਂ ਤੇ ਕੀਤੀ ਚਰਚਾ

**ਚੌਕ ਮਹਿਤਾ, 16 ਜੂਨ ( ਬਾਬਾ ਸੁਖਵੰਤ ਸਿੰਘ ਚੰਨਣਕੇ )**-ਦਲਿਤਾਂ ਦੇ ਸਮਾਜਿਕ ਮੁੱਦਿਆਂ ਦੀ ਠੋਸ ਢੰਗ ਨਾਲ ਸੰਸਦ 'ਚ ਪੈਰਵਾਈ ਕਰਨ ਦੀ ਮੰਗ ਨੂੰ ਲੈਕੇ ਘੱਟ ਗਿਣਤੀ ਲੋਕ ਭਲਾਈ ਸੰਸਥਾ (ਰਜਿ) ਦੇ ਪ੍ਰਧਾਨ ਸਤਨਾਮ ਸਿੰਘ ਗਿੱਲ ਅਤੇ ਚੇਅਰਮੈਨ ਪੰਜਾਬ ਸ੍ਰ ਸੰਦੀਪ ਸਿੰਘ ਰਾਜੂ ਨੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪੰਜਾਬ ਸ੍ਰ ਚਰਨਜੀਤ ਸਿੰਘ ਚੰਨੀ ਅਤੇ ਮੈਂਬਰ ਪਾਰਲੀਮੈਂਟ ਨਾਲ ਮੁਲਾਕਾਤ ਕੀਤੀ। ਇਸ

ਆਵਾਜ਼ਿ ਕੌਮ AWAZE QAUM International Newspaper & WEB TV

ਮੁਲਾਕਾਤ ਦੌਰਾਨ ਸਤਨਾਮ ਸਿੰਘ ਗਿੱਲ ਨੇ ਦਲਿਤ ਹਲਕਿਆਂ 'ਚ ਭੇਦ-ਭਾਵ ਅਤੇ ਵਿਤਕਰੇ ਨੂੰ ਲੈਕੇ ਪ੍ਰਾਸ਼ਸ਼ਿਨਕ ਪੱਧਰ ਤੇ ਅਣ-ਸੁਣਿਆ ਕਰਨ ਅਤੇ ਨਜ਼ਰ ਅੰਦਾਜ਼ ਕੀਤੇ ਜਾ ਰਹੇ ਭਾਈਚਾਰੇ ਪ੍ਰਤੀ ਸਕਰਾਤਮਕ ਪਹੁੰਚ ਅਪਨਾਉਂਣ ਲਈ ਅਪੀਲ ਕੀਤੀ। ਸ੍ਰ: ਗਿੱਲ ਨੇ ਸ੍ਰ ਚੰਨੀ ਕੋਲ ਸੂਬੇ 'ਚ ਵੱਖ-ਵੱਖ ਵਿਭਾਗਾਂ 'ਚ ਨੌਕਰੀ ਕਰ ਰਹੇ ਵਿਭਾਗੀ ਮਾਮਲਿਆਂ 'ਚ ਕਰਮਚਾਰੀਆਂ ਨੂੰ ਰਾਹਤ ਦਵਾਉਂਣ ਅਤੇ ਵਿਭਾਗੀ ਤਰੱਕੀ 'ਚ ਆ ਰਹੀਆਂ ਅੜਚਨਾ ਦੂਰ ਕਰਨ ਦੇ ਮਾਮਲੇ 'ਚ ਠੋਕਵੀਂ ਵਕਾਲਤ ਕਰਨ ਦੀ ਤਾਕੀਦ ਕੀਤੀ। ਘੱਟ ਗਿਣਤੀ ਲੋਕ ਭਲਾਈ ਸੰਸਥਾ ਰਜਿ ਦੇ ਵਫ਼ਦ 'ਚ ਸ਼ਾਮਿਲ ਚੇਅਰਮੈਂਨ ਸੰਦੀਪ ਸਿੰਘ,ਹਰਪਾਲ,ਸਿੰਘ,ਮਿਲਨ ਸਿੰਘ ਗਿੱਲ,ਪੀਏ ਗੁਰਪ੍ਰੀਤ ਸਿੰਘ ਖਾਲਸਾ,ਅੰਮ੍ਰਿਤਪਾਲ ਸਿੰਘ ਕਲਿਆਣ,ਅੰਮ੍ਰਿਤਪਾਲ ਸਿੰਘ ਸ਼ਾਹਪੁਰ,ਡਾ ਸੁਖਚੈਨ ਸਿੰਘ ਘੁੰਮਣ ਆਦਿ ਨੇ ਸ੍ਰ:ਚਰਨਜੀਤ ਸਿੰਘ ਚੰਨੀ ਨੂੰ ਅਪੀਲ ਕਰਦਿਆਂ ਸੱਦਾ ਦਿੱਤਾ ਕਿ ਸਰਹੱਦੀ ਇਲਾਕੇ ਦਿਆਂ ਪਿੰਡਾਂ 'ਚ ਗਰੀਬ ਪ੍ਰੀਵਾਰਾਂ ਨੂੰ ਮਿਲਣ ਦਾ ਪ੍ਰੋਗਰਾਮ ਰੱਖੋ। ਉਨਾਂ ਨੇ ਸਾਬਕਾ ਮੁੱਖ ਮੰਤਰੀ ਪੰਜਾਬ ਸ੍ਰ ਚਰਨਜੀਤ ਸਿੰਘ ਚੰਨੀ ਦੇ ਧਿਆਨ 'ਚ ਪੁਲੀਸ ਪ੍ਰਸਾਸ਼ਨ ਦੀ ਇੱਕ ਪਾਸੜ ਭੂਮਿਕਾ ਬਾਰੇ ਚਰਚਾ ਕਰਦਿਆਂ ਕਿਹਾ ਕਿ ਗਰੀਬਾਂ ਨੂੰ ਪੁਲਿਸ ਦੁਆਰਾ ਝੂਠੇ ਕੇਸਾਂ 'ਚ ਫਸਾਉਂਣ ਦੇ ਮਾਮਲਿਆਂ ਨਾਲ ਨਜਿੱਠਣ ਲਈ ਵੀ ਉਹ ਨੀਤੀ ਐਲਾਨਣ। ਘੱਟ ਗਿਣਤੀ ਲੋਕ ਭਲਾਈ ਸੰਸਥਾ ਦੇ ਪ੍ਰਧਾਨ ਸ੍ਰ ਸਤਨਾਮ ਸਿੰਘ ਗਿੱਲ ਨੇ ਨਸ਼ਿਆਂ ਦੀ ਆੜ ਹੇਠ ਗਰੀਬ ਦੇ ਘਰ ਢੈਹਿ ਢੇਰੀ ਕਰਨ,ਨਸ਼ਿਆਂ 'ਚ ਫਸਾਉਂਣ ਅਤੇ ਕਥਿਤ ਸ਼ੈਹਿ ਤੇ ਬੱਚਿਆਂ ਨੂੰ ਗੈਂਗਸਟਰਾਂ ਦੀ ਸ੍ਰੇਣੀ ਦੀ ਸੂਚੀ 'ਚ ਸਾਮਿਲ ਕਰਨ ਦੀ ਪੁਲੀਸ ਨੀਤੀ ਨੂੰ ਖੰਘਾਲਣ ਲਈ ਰਾਜਪਾਲ ਪੰਜਾਬ ਨਾਲ ਚਰਚਾ ਕਰਨ ਦੀ ਸਲਾਹ ਵੀ ਦਿੱਤੀ।



ਪੰਜਾਬ ਦੇ ਸਾਬਕਾ ਮੁੱਖ ਮੰਤਰੀ ਸ੍ਰ ਚਰਨਜੀਤ ਸਿੰਘ ਚੰਨੀ ਨੇ ਸਤਨਾਮ ਸਿੰਘ ਗਿੱਲ ਅਤੇ ਉਸ ਦੀ ਟੀਮ ਦੇ ਮੈਂਬਰਾ ਨਾਲ ਸਹਿਚਾਰਕ ਮੁਲਾਕਾਤ ਕਰਨ ਤੋਂ ਬਾਅਦ ਮੀਡੀਆਂ ਨੂੰ ਰੂ ਬ ਰੂ ਹੁੰਦਿਆਂ ਦੱਸਿਆ ਕਿ ਪਿੰਡ ਜੋਧੇ ਤੋਂ ਇੱਕ ਪੰਜਾਬ ਹਿਤੈਸ਼ੀਆਂ ਦਾ ਡੈਪੂਟੇਸ਼ਨ ਮੈਨੂੰ ਮਿਲਿਆ ਹੈ। ਉਹਨਾਂ ਦੀ ਪੰਜਾਬ ਦੇ ਹਿੱਤਾਂ ਪ੍ਰਤੀ ਜਿਤਾਈ ਫ਼ਿਕਰਮੰਦੀ ਨਾਲ ਮੈਂ ਇਤਫ਼ਾਕ ਰੱਖਦਾ ਹਾਂ,ਉਨਾਂ ਨੇ ਮੇਰੇ ਪਾਸ ਨੌਕਰਸ਼ਾਹ ਸ੍ਰੇਣੀ 'ਚ ਵਿਭਾਗ ਅੜਚਣਾ 'ਚ ਫਸੇ ਅਫ਼ਸਰਾਂ ਅਤੇ ਅਧਿਕਾਰੀਆਂ ਦੇ ਹੱਕਾਂ ਅਤੇ ਹਿੱਤਾਂ ਦੀ ਵਕਾਲਤ ਕਰਨ ਲਈ ਸੁਝਾਅ ਦਿੱਤਾ ਹੈ। ਮੈਂ ਅੱਜ ਪ੍ਰੈਸ ਦੇ ਸਾਹਮਣੇ ਰਸਮੀਂ ਐਲਾਨ ਕਰਦਾ ਹਾਂ ਕਿ ਅਜਿਹੀਆਂ ਸਮਾਜ ਸੈਣੀ ਜੱਥੇਬੰਦੀਆਂ ਨੂੰ ਨਾਲ ਲੈਕੇ ਸਿਆਸੀ ਹਲਕਿਆਂ 'ਚ ਵਿਚਰ ਰਹੇ ਅਤੇ ਦੱਬੇ-ਕੁਚਲੇ ਸਮਾਜ ਨਾਲ ਹਰ ਪੱਧਰ ਤੇ ਹੋ ਰਹੀ ਜ਼ਿਆਦਤੀ ਨੂੰ ਠੱਲ੍ਹਣ ਲਈ ਠੋਸ ਨੀਤੀ ਹੋਂਦ 'ਚ ਲੈਕੇ ਆਵਾਂਗੇ। ਸਾਬਕਾ ਸੀ.ਐਮ ਪੰਜਾਬ ਨੇ ਕਿਹਾ ਕਿ ਅਸੀ ਪੰਜਾਬ ਦੇ ਲੋਕਾਂ ਦੇ ਨੁਮਾਈਦੇ ਹਾਂ,ਇਸ ਲਈ ਅਸੀ ਹਰ ਵਰਗ ਨੂੰ ਨਾਲ ਲੈਕੇ ਚੱਲਣਾ ਹੈ। ਉਨਾਂ ਨੇ ਕਿਹਾ ਅਸੀਂ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਨੂੰ ਬੇਅਸਰ ਕਰਨ ਲਈ ਪੜਾਅਵਾਰ ਪ੍ਰੋਗਰਾਮ ਉਲੀਕ ਰਹੇ ਹਾਂ,ਉਨਾਂ ਨੇ ਕਾਂਗਰਸ ਪਾਰਟੀ ਦੇ ਜੁਝਾਰੂ ਸਾਥੀਆਂ ਨੂੰ ਮੈਦਾਨ 'ਚ ਦ੍ਰਿੜਤਾ ਨਾਲ ਠੱਲਣ ਲਈ ਹੋਕਾ ਦਿੱਤਾ ਹੈ। ਇਸ ਮੌਕੇ ਸ੍ਰ ਖੁਸ਼ਵੰਤ ਸਿੰਘ ਨਿੱਜੀ ਸਹਾਇਕ ਸ੍ਰ ਚਰਨਜੀਤ ਸਿੰਘ ਚੰਨੀ ਦੀ ਟੀਮ ਹਾਜਰ ਸਨ।

**ਅਫਸਰਾਂ ਦੀ ਪਿੱਠ ਥਪਥਪਾਉਂਣ ਦਾ ਚੱਕਿਆ ਮੁੱਦਾ**

# ਗੁਰਦੁਆਰਾ ਰਾਜੌਰੀ ਗਾਰਡਨ ਵਿੱਚ ਨਿਤਨੇਮ ਕਲਾਸ ਦੇ ਬੱਚਿਆਂ ਨੂੰ ਸਨਮਾਨ

ਨਵੀਂ ਦਿੱਲੀ, 16 ਜੂਨ (ਮਨਪ੍ਰੀਤ ਸਿੰਘ ਖਾਲਸਾ): ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਰਾਜੌਰੀ ਗਾਰਡਨ ਵਿੱਚ ਬੀਬੀ ਹਰਜੀਤ ਕੌਰ ਅਤੇ ਉਨ੍ਹਾਂ ਦੀ ਟੀਮ ਵੱਲੋਂ ਪਿਛਲੇ 25 ਸਾਲਾਂ ਤੋਂ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਬੱਚਿਆਂ ਨੂੰ ਗੁਰਮਤ ਨਾਲ ਜੋੜਨ ਲਈ ਨਿਤਨੇਮ ਕਲਾਸਾਂ ਲਾਈਆਂ ਜਾਂਦੀਆਂ ਹਨ। ਇਨ੍ਹਾਂ ਕਲਾਸਾਂ ਵਿੱਚ ਬੱਚਿਆਂ ਨੂੰ ਨਿਤਨੇਮ ਦੀਆਂ ਬਾਣੀਆਂ ਦੇ ਨਾਲ-ਨਾਲ ਅਰਦਾਸ, ਗੁਰੂ ਇਤਿਹਾਸ, ਕੀਰਤਨ, ਦਸਤਾਰ ਸਜਾਉਣ ਆਦਿ ਦੀ ਵੀ ਸਿੱਖਿਆ ਦਿੱਤੀ ਜਾਂਦੀ ਹੈ। ਇਨ੍ਹਾਂ ਕਲਾਸਾਂ ਵਿੱਚ ਵੱਡੀ ਗਿਣਤੀ ਵਿੱਚ ਬੱਚੇ ਭਾਗ ਲੈ ਕੇ ਲਾਭ ਉਠਾਉਂਦੇ ਹਨ।

ਇਸ ਵਾਰ ਵੀ ਨਿਤਨੇਮ ਕਲਾਸ ਵਿੱਚ ਭਾਗ ਲੈਣ ਵਾਲੇ ਬੱਚਿਆਂ ਨੂੰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦੇ ਪ੍ਰਧਾਨ ਸ. ਹਰਮਨਜੀਤ ਸਿੰਘ, ਧਰਮ ਪ੍ਰਚਾਰ ਦੇ ਸੁੰਦਰ ਸਿੰਘ ਨਾਰੰਗ

ਆਵਾਜ਼ਿ ਕੌਮ AWAZE QAUM International Newspaper & WEB TV

ਅਤੇ ਬੀਬੀ ਹਰਜੀਤ ਕੌਰ ਵੱਲੋਂ ਸਨਮਾਨਿਤ ਕੀਤਾ ਗਿਆ।



ਸ. ਹਰਮਨਜੀਤ ਸਿੰਘ ਦਾ ਮੰਨਣਾ ਹੈ ਕਿ ਜੋ ਬੱਚੇ ਇਨ੍ਹਾਂ ਕਲਾਸਾਂ ਵਿੱਚ ਆ ਕੇ ਸਿੱਖਿਆ ਲੈਂਦੇ ਹਨ, ਉਹ ਕਦੇ ਵੀ ਸਿੱਖੀ ਤੋਂ ਦੂਰ ਨਹੀਂ ਜਾ ਸਕਦੇ ਕਿਉਂਕਿ ਜੇ ਬੱਚਿਆਂ ਨੂੰ ਬਚਪਨ ਤੋਂ ਹੀ ਆਪਣੇ ਗੌਰਵਮਈ ਵਿਰਸੇ ਦੀ ਜਾਣਕਾਰੀ ਮਿਲ ਜਾਏ ਅਤੇ ਉਹ ਮਾਤਭਾਸ਼ਾ ਨਾਲ ਜੁੜ ਜਾਣ ਤਾਂ ਉਹ ਕਦੇ ਵੀ ਰਾਹ ਭੁੱਲ ਨਹੀਂ ਸਕਦੇ। ਸ. ਹਰਮਨਜੀਤ ਸਿੰਘ ਨੇ ਕਿਹਾ ਕਿ ਸਾਡੀ ਪੂਰੀ ਕੋਸ਼ਿਸ਼ ਰਹਿੰਦੀ ਹੈ ਕਿ ਬੱਚਿਆਂ ਨੂੰ ਵੱਧ ਤੋਂ ਵੱਧ ਗੁਰਮਤ ਨਾਲ ਜੋੜਣ ਲਈ ਕਾਰਜਕ੍ਰਮ ਕਰਵਾਏ ਜਾਣ।

ਉਨ੍ਹਾਂ ਨੇ ਬੀਬੀ ਹਰਜੀਤ ਕੌਰ ਦੀ ਖਾਸ ਤੌਰ 'ਤੇ ਪ੍ਰਸ਼ੰਸਾ ਕੀਤੀ, ਜਿਨ੍ਹਾਂ ਨੇ ਪਿਛਲੇ 25 ਸਾਲਾਂ ਤੋਂ ਇਹ ਕਲਾਸਾਂ ਲਗਾਈਆਂ ਹਨ ਅਤੇ ਇਸ ਵਾਰ ਆਪਣੀ ਤੰਦਰੁਸਤੀ ਠੀਕ ਨਾ ਹੋਣ ਦੇ ਬਾਵਜੂਦ ਲਗਾਤਾਰ ਆ ਕੇ ਬੱਚਿਆਂ ਦੀਆਂ ਕਲਾਸਾਂ ਲਗਾਈਆਂ। ਇਸ ਮੌਕੇ ਤੇ ਉਹਨਾਂ ਵਾਲੰਟੀਅਰਾਂ ਨੂੰ ਵੀ ਸਨਮਾਨਿਤ ਕੀਤਾ ਗਿਆ ਜਿਨ੍ਹਾਂ ਨੇ ਬੱਚਿਆਂ ਨੂੰ ਸਿੱਖਿਆ ਦੇਣ ਵਿੱਚ ਭੂਮਿਕਾ ਨਿਭਾਈ।

# ਗ੍ਰੰਥੀ ਸਿੰਘ ਬਾਬਾ ਜਸਵੀਰ ਸਿੰਘ ਸਿੰਘ ਨੂੰ ਲੱਗਾ ਸਦਮਾ, ਪਿਤਾ ਦਾ ਹੋਇਆ ਦੇਹਾਂਤ

**ਫਿਰੋਜ਼ਪੁਰ, 16 ਜੂਨ (ਸੁਖਮੰਦਰ ਸਿੰਘ ਸ਼ਾਤ)**-ਗ੍ਰੰਥੀ ਸਿੰਘ ਬਾਬਾ ਜਸਵੀਰ ਸਿੰਘ ਸਿੱਧੂ ਜਿਨਾਂ ਦੇ ਪਿਤਾ ਸਰਦਾਰ ਗਿਆਨ ਸਿੰਘ ਜਿਨਾਂ ਦਾ 10-06-2025

ਆਵਾਜ਼ਿ ਕੌਮ AWAZE QAUM International Newspaper & WEB TV

ਨੂੰ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਸਨ। ਜੇਕਰ ਗੱਲ ਕਰੀਏ ਉਹਨਾਂ ਦੇ ਜੀਵਨ ਬਾਰੇ ਤਾਂ ਉਹਨਾਂ ਆਪਣਾ ਜੀਵਨ ਬਹੁਤ ਹੀ ਸੋਹਣਾ ਤੇ ਸ਼ਾਂਤ ਸੁਭਾਅ ਦੇ ਨਾਲ ਬਤੀਤ ਕੀਤਾ। ਬੜੇ ਹੀ ਮਿੱਠ ਬੋਲੜੇ ਸੁਭਾਅ ਦੇ ਮਾਲਕ ਸਨ। ਜੇਕਰ ਗੱਲ ਕਰੀਏ ਬੰਦਗੀ ਦੀ ਤਾਂ ਹਰ ਸਮੇਂ ਉਹਨਾਂ ਦੇ ਮੁੱਖ ਵਿੱਚੋਂ ਰੱਬ ਦੀ ਪਰਮਾਤਮਾ ਦੀ ਗੱਲ ਹੀ ਚਲਦੀ ਸੀ ਤੇ ਬਹੁਤ ਸਮਾਂ ਉਹ ਬਾਣੀ ਦੇ ਵਿੱਚ ਬਤੀਤ ਕਰਦੇ ਸਨ ਤੇ ਹਰ ਸਮੇਂ ਵਾਹਿਗੁਰੂ ਦਾ ਨਾਮ ਸਿਮਰਨ ਕਰਦੇ ਰਹਿੰਦੇ ਸਨ। ਬਾਪੂ ਗਿਆਨ ਸਿੰਘ ਆਪਣੀ ਜ਼ਿੰਦਗੀ ਦੇ 83 ਸਾਲ ਇਹ ਸੰਸਾਰ ਤੇ ਬਤੀਤ ਕਰਕੇ ਗਏ।ਜੇਕਰ ਗੱਲ ਕਰੀਏ ਬਾਪੂ ਦੇ ਪਰਿਵਾਰ ਬਾਰੇ ਤੇ ਆਪਣੇ ਪਿੱਛੇ ਉਹ ਆਪਣੇ ਦੋ ਬੇਟੇ ਤੇ ਆਪਣੀ ਧਰਮ ਸੁਪਤਨੀ ਨੂੰ ਛੱਡ ਗਏ ਜਿਨਾਂ ਦੇ ਸਪੁੱਤਰ ਬਾਬਾ ਜਸਵੀਰ ਸਿੰਘ ਅਤੇ ਦੂਸਰੇ ਪੁੱਤਰ ਗੁਰਦੇਵ ਸਿੰਘ ਸਨ, ਉਨਾਂ ਦੀ ਧਰਮ ਸੁਪਤਨੀ ਮਾਤਾ ਜੀਤ ਕੋਰ ਜਿਨਾਂ ਦੱਸਿਆ ਕਿ ਮੌਤ ਤੋਂ ਪਹਿਲਾਂ ਉਹ ਸਾਨੂੰ ਸਾਰਾ ਕੁਝ ਹੀ ਦੱਸ ਗਏ ਸਨ ਤੇ ਇਹ ਵੀ ਦੱਸ ਦਿੱਤਾ ਕਿ ਮੈਂ ਉਹ ਜੋ ਸਮੇਂ ਤੱਕ ਚਲੇ ਜਾਣਾ ਹੈ ਬਾਪੂ ਗਿਆਨ ਸਿੰਘ ਜਿਨਾਂ ਦੀ ਸ਼ਖਸ਼ੀਅਤ ਇੱਕ ਬੜੀ ਹੀ ਉੱਚ ਪੱਧਰੀ ਸੀ ਤੇ ਉਹ ਹਰ ਇੱਕ ਨੂੰ ਆਪਣਾ ਸਮਝਦੇ ਸਨ ਖਾਸ ਕਰਕੇ ਉਹ ਗੁਰੂ ਘਰ ਦੇ ਵਜੀਰਾਂ ਨੂੰ ਬਹੁਤ ਹੀ ਮਾਣ ਤੇ ਸਤਿਕਾਰ ਦਿੰਦੇ ਸਨ ਜਿੱਥੇ ਉਹਨਾਂ ਦੇ ਜਾਣ ਤੇ ਪਰਿਵਾਰ ਨੂੰ ਬਹੁਤ ਵੱਡਾ ਘਾਟਾ ਪਿਆ ਉਥੇ ਇਲਾਕੇ ਨੂੰ ਪਿੰਡ ਸਿੱਧੂ ਨੂੰ ਵੀ ਬਹੁਤ ਵੱਡਾ ਘਾਟਾ ਪਿਆ ਕਿ ਇੱਕ ਐਸੀ ਸ਼ਖਸ਼ੀਅਤ ਜਿਹੜੀ ਬੜੀ ਹੀ ਮਿਲਾਪੜੀ ਬੜੀ ਹੀ ਸ਼ਾਂਤ ਸੁਭਾਅ ਦੇ ਮਾਲਕ ਸਨ ਸੋ ਗੁਰੂ ਮਹਾਰਾਜ ਉਹਨਾਂ ਨੂੰ ਆਪਣੇ ਚਰਨਾਂ ਦੇ ਵਿੱਚ ਨਿਵਾਸ ਬਖਸ਼ਿਸ਼ ਕਰਨ। ਬਾਪੂ ਗਿਆਨ ਸਿੰਘ ਦੀ ਅੰਤਿਮ ਅਰਦਾਸ 19 ਜੂਨ ਦਿਨ ਵੀਰਵਾਰ ਨੂੰ ਉਹਨਾਂ ਦੇ ਨਿਵਾਸ ਸਥਾਨ ਪਿੰਡ ਸਿੱਧੂ ਵਿਖੇ ਦੁਪਹਿਰ 12 ਤੋਂ 1 ਵਜੇ ਹੋਵੇਗੀ। ਬਾਪੂ ਦਾ ਪਰਿਵਾਰ, ਧਰਮ ਸੁਪਤਨੀ ਜੀਤ ਕਰੋਂ,ਜਸਵੀਰ ਸਿੰਘ ਪੱਤਰ, ਗੁਰਦੇਵ ਸਿੰਘ ਪੁੱਤਰ,ਗਰਮੀਤ ਕੋਰ ਨੂੰਹ, ਕੁਲਵਿੰਦਰ ਕੌਰ ਨੂੰਹ, ਦਵਿੰਦਰ ਸਿੰਘ ਪੋਤਰਾ, ਗੋਰਵ ਪ੍ਰੀਤ ਸਿੰਘ ਪੋਤਰਾ, ਕੋਮਲਪ੍ਰੀਤ ਕੌਰ ਪੋਤਰੀ, ਚਰਨਜੀਤ ਕੌਰ ਪੋਟਨੌਂ,ਅਗਮਦੀਪ ਸਿੰਘ ਪਰਪੋਤਾ, ਪ੍ਰਭ ਨੂਰ ਕੋਰ ਪਰਪੋਤੀ।



# ਦਿੱਲੀ ਵਿੱਚ 1984 ਦੇ ਕਤਲੇਆਮ ਵਿੱਚ ਸ਼ਹੀਦ ਹੋਏ ਲੋਕਾਂ ਲਈ ਯਾਦਗਾਰ ਬਣਾਉਣ ਵਾਸਤੇ ਮੁੱਖਮੰਤਰੀ ਰੇਖਾ ਗੁਪਤਾ ਜੀ ਨੂੰ ਦਿੱਤਾ ਮੰਗਪੱਤਰ : ਭੋਗਲ/ ਖੁਰਾਣਾ

ਨਵੀਂ ਦਿੱਲੀ 16 ਜੂਨ (ਮਨਪ੍ਰੀਤ ਸਿੰਘ ਖਾਲਸਾ):- ਆਲ ਇੰਡੀਆ ਦੰਗਾ ਪੀੜਤ ਰਾਹਤ ਕਮੇਟੀ 1984 ਦੇ ਪ੍ਰਧਾਨ ਜਥੇਦਾਰ ਕੁਲਦੀਪ ਸਿੰਘ ਭੋਗਲ ਨੇ ਮਾਨਯੋਗ ਮੁੱਖ ਮੰਤਰੀ ਸ਼੍ਰੀਮਤੀ ਰੇਖਾ ਗੁਪਤਾ ਨੂੰ ਇੱਕ ਮੰਗ ਪੱਤਰ ਦਿੱਤਾ, ਜਿਸ ਵਿੱਚ ਉਨ੍ਹਾਂ ਸਪੱਸ਼ਟ ਕੀਤਾ ਕਿ 1984 ਵਿੱਚ ਦਿੱਲੀ ਵਿੱਚ ਹੋਏ ਸਿੱਖ ਕਤਲੇਆਮ ਤੋਂ ਪਹਿਲਾਂ ਰਾਜੀਵ ਗਾਂਧੀ ਨੇ ਕਿਹਾ ਸੀ ਕਿ ਜਦੋਂ ਇੱਕ ਵੱਡਾ ਦਰੱਖਤ ਡਿੱਗਦਾ ਹੈ ਤਾਂ ਧਰਤੀ ਹਿੱਲਦੀ ਹੈ, ਜਿਸ ਤੋਂ ਬਾਅਦ ਤਿੰਨ ਦਿਨਾਂ ਤੱਕ



ਆਵਾਜ਼ਿ ਕੌਮ AWAZE QAUM International Newspaper & WEB TV

ਦਿੱਲੀ ਵਿੱਚ ਮੌਤ ਦਾ ਨਾਚ ਹੁੰਦਾ ਰਿਹਾ, ਪੁਲਿਸ ਮੂਕ ਦਰਸ਼ਕ ਬਣੀ ਰਹੀ। ਹਜ਼ਾਰਾਂ ਸਿੱਖਾਂ ਦਾ ਕਤਲੇਆਮ ਕੀਤਾ ਗਿਆ, ਕਰੋੜਾਂ ਜਾਨਾਂ ਅਤੇ ਜਾਇਦਾਦਾਂ ਦਾ ਨੁਕਸਾਨ ਹੋਇਆ, ਲੋਕਾਂ ਨੂੰ ਰੇਲਗੱਡੀਆਂ ਵਿੱਚੋਂ ਕੱਢ ਕੇ ਮਾਰ ਦਿੱਤਾ ਗਿਆ, ਮਾਵਾਂ ਅਤੇ ਭੈਣਾਂ ਦੀ ਬੇਇੱਜ਼ਤੀ ਕਾਂਗਰਸੀ ਗੁੰਡਿਆਂ, ਮੁੱਖ ਤੌਰ 'ਤੇ ਐਚ.ਕੇ.ਐਲ. ਭਗਤ, ਜਗਦੀਸ਼ ਟਾਈਟਲਰ, ਸੱਜਣ ਕੁਮਾਰ, ਕਮਲ ਨਾਥ ਦੁਆਰਾ ਕੀਤੀ ਗਈ। ਜਿਨ੍ਹਾਂ ਦੇ ਇਸ਼ਾਰਿਆਂ 'ਤੇ ਗੁਰਦੁਆਰਾ ਪੁਲ ਬੰਗਸ਼ ਅਤੇ ਗੁਰਦੁਆਰਾ ਰਕਾਬ ਗੰਜ ਵਿੱਚ ਤਬਾਹੀ ਮਚਾਈ ਗਈ। ਗੁਰਦੁਆਰਿਆਂ ਨੂੰ ਨਾ ਪੂਰਾ ਹੋਣ ਵਾਲਾ ਨੁਕਸਾਨ ਪਹੁੰਚਾਇਆ ਗਿਆ, ਚਿੱਟੀਆਂ ਅਤੇ ਨੀਲੀਆਂ ਪੱਗਾਂ ਦੋਵਾਂ ਨੂੰ ਨਿਸ਼ਾਨਾ ਬਣਾਇਆ ਗਿਆ, ਕਿਸੇ ਨੂੰ ਵੀ ਨਹੀਂ ਬਖਸ਼ਿਆ ਗਿਆ, ਇੱਥੋਂ ਤੱਕ ਕਿ ਮੇਨਕਾ ਗਾਂਧੀ ਦੇ ਘਰ "ਬੇਟੀ ਹੈ ਸਰਦਾਰ ਕੀ, ਦੇਸ਼ ਕੇ ਗੱਦਾਰ ਕੀ" ਦਾ ਨਾਅਰਾ ਵੀ ਲਗਾਇਆ ਗਿਆ। ਇਸ ਤਰ੍ਹਾਂ, 1984 ਦਾ ਸਿੱਖ ਕਤਲੇਆਮ ਇਤਿਹਾਸ ਦੇ ਕਾਲੇ ਪੰਨਿਆਂ ਵਿੱਚ ਦਰਜ ਹੋ ਗਿਆ, ਜਿਸਦਾ ਜ਼ਿਕਰ ਮਾਨਯੋਗ ਅਟਲ ਬਿਹਾਰੀ ਵਾਜਪਾਈ ਨੇ ਦੇਸ਼ ਦੀ ਸੰਸਦ ਵਿੱਚ ਵੀ ਕੀਤਾ ਸੀ। ਉਨ੍ਹਾਂ ਕਿਹਾ ਕਿ ਕਾਨਪੁਰ ਵਿੱਚ 127 ਲੋਕ ਮਾਰੇ ਗਏ ਸਨ, ਇਸ ਸਿੱਖ ਕਤਲੇਆਮ ਦੀ ਯਾਦ ਵਿੱਚ, ਯੂਪੀ ਸਰਕਾਰ ਨੇ ਇੱਕ ਯਾਦਗਾਰ ਬਣਾਉਣ ਦੀ ਯੋਜਨਾ ਬਣਾਈ ਹੈ। ਉਨ੍ਹਾਂ ਕਿਹਾ ਕਿ ਦਿੱਲੀ ਵਿੱਚ ਕਈ ਸਾਲਾਂ ਬਾਅਦ ਭਾਜਪਾ ਸੱਤਾ ਵਿੱਚ ਆਈ ਹੈ, ਅਤੇ ਕੇਂਦਰ ਵਿੱਚ ਵੀ 2014 ਵਿੱਚ ਮਾਨਯੋਗ ਮੋਦੀ ਜੀ ਦੀ ਯੋਗ ਅਗਵਾਈ ਹੇਠ ਭਾਜਪਾ ਸਰਕਾਰ ਸੱਤਾ ਵਿੱਚ ਆਈ। ਫਿਰ ਮਾਨਯੋਗ ਰਾਜਨਾਥ ਸਿੰਘ ਨੇ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾ ਦੇਣ ਲਈ ਐਸਆਈਟੀ ਬਣਾਈ, ਜਿਸ ਤੋਂ ਬਾਅਦ ਸੱਜਣ ਕੁਮਾਰ ਵਰਗੇ ਵੱਡੇ ਮਗਰਮੱਛ ਸਲਾਖਾਂ ਪਿੱਛੇ ਚਲੇ ਗਏ। ਅਤੇ ਇਸੇ ਤਰ੍ਹਾਂ ਦੇਸ਼ ਦੇ ਹੋਰ ਸ਼ਹਿਰਾਂ ਵਿੱਚ ਵੀ ਕਈ ਦੋਸ਼ੀਆਂ ਨੂੰ ਸਜ਼ਾ ਦਿੱਤੀ ਗਈ। ਭਾਜਪਾ ਸਰਕਾਰ ਤਿਲਕ ਵਿਹਾਰ ਗਈ ਅਤੇ ਪੀੜਤਾਂ ਵਿੱਚ 5-5 ਲੱਖ ਰੁਪਏ ਵੰਡੇ। ਅਤੇ ਹਾਲ ਹੀ ਵਿੱਚ ਪੀੜਤ ਪਰਿਵਾਰ ਦੇ ਆਸ਼ਿਰਤਾਂ ਨੂੰ ਸਰਕਾਰੀ ਨੌਕਰੀਆਂ ਵੀ ਦਿੱਤੀਆਂ ਗਈਆਂ।

ਉਨ੍ਹਾਂ ਕਿਹਾ ਕਿ ਦਿੱਲੀ ਦੇ ਨਾਲ-ਨਾਲ ਦੇਸ਼-ਵਿਦੇਸ਼ ਵਿੱਚ ਬੈਠੇ ਸਾਰੇ ਸਿੱਖ ਭਾਈਚਾਰਾ ਅਤੇ ਪੰਜਾਬੀਆਂ ਦੀ ਮਾਨਯੋਗ ਮੁੱਖ ਮੰਤਰੀ ਰੇਖਾ ਗੁਪਤਾ ਜੀ ਤੋਂ ਮੰਗ ਹੈ ਕਿ ਜਿਸ ਤਰ੍ਹਾਂ ਦਿੱਲੀ ਵਿੱਚ ਹਜ਼ਾਰਾਂ ਸਿੱਖਾਂ ਦਾ ਕਤਲੇਆਮ ਕੀਤਾ ਗਿਆ ਸੀ, ਉਸੇ ਤਰ੍ਹਾਂ 1984 ਵਿੱਚ ਸ਼ਹੀਦ ਹੋਏ ਸਿੱਖਾਂ ਦੀ ਯਾਦ ਵਿੱਚ ਦਿੱਲੀ ਵਿੱਚ ਇੱਕ ਯਾਦਗਾਰ ਬਣਾਈ ਜਾਵੇ। ਤਾਂ ਜੋ ਦੇਸ਼-ਵਿਦੇਸ਼ ਤੋਂ ਆਉਣ ਵਾਲੇ ਲੋਕਾਂ ਨੂੰ ਵੀ ਪਤਾ ਲੱਗ ਸਕੇ ਕਿ ਕਾਂਗਰਸ ਨੇ ਸਿੱਖਾਂ ਨਾਲ ਕਿਵੇਂ ਬੇਇਨਸਾਫ਼ੀ ਕੀਤੀ ਸੀ।

# ਪਿੰਡ ਖਿਆਲਾ ਖੁਰਦ ਦੀ ਸੁੰਦਰਤਾ ਨੂੰ ਗ੍ਰਹਿਣ ਲਗਾ ਰਹੇ ਕੂੜੇ ਦੇ ਢੇਰ



**ਚੌਕ ਮਹਿਤਾ, 16 ਜੂਨ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਹਲਕਾ ਰਾਜਾਸਾਂਸੀ ਦੇ ਅਧੀਨ ਆਉਂਦੇ ਪਿੰਡ ਖਿਆਲਾ ਖੁਰਦ ਵਿਖੇ ਭੰਗੂ ਡੇਅਰੀ ਦੇ ਸਾਹਮਣੇ ਪਏ ਹੋਏ ਕੂੜੇ ਦੇ ਢੇਰ ਪਿੰਡ ਦੀ ਸੁੰਦਰਤਾ ਨੂੰ ਗ੍ਰਹਿਣ ਲਗਾਉਂਦੇ ਹੋਏ ਨਜ਼ਰ ਆ ਰਹੇ ਹਨ ਪੱਤਰਕਾਰਾ ਵਲੋ ਜਦ ਇਸ ਪਿੰਡ ਚ ਜਾ ਕੇ ਵੇਖਿਆ ਗਿਆ ਤਾਂ ਪਿਛਲੀਆਂ ਸਰਕਾਰਾ ਸਮੇਂ ਇਸ ਪਿੰਡ ਦੇ ਸਰਪੰਚਾਂ ਵਲੋ ਪਿੰਡ ਵਿੱਚ ਵਿਕਾਸ ਕਾਰਜ ਕਰਵਾਏ ਵੇਖੇ ਜਾ ਸਕਦੇ ਹਨ ਪ੍ਰੰਤੂ ਓਥੇ ਜਗ੍ਹਾ ਜਗ੍ਹਾ ਲੱਗੇ ਕੂੜੇ ਦੇ ਢੇਰ ਇਹ ਦਸ ਰਹੇ ਹਨ ਕਿ ਪਿਛਲੀਆਂ ਸਰਕਾਰਾ ਦੇ ਸਰਪੰਚ ਸਿਰਫ ਕਾਰਜ ਤੱਕ ਹੀ ਸੀਮਤ ਰਹੇ ਹਨ ਪਿੰਡ ਵਿੱਚ ਕੂੜੇ ਕਰਕਟ ਨੂੰ ਚੁੱਕਣ ਦਾ ਪ੍ਰਬੰਧ ਕਿਸੇ ਵੀ ਸਰਕਾਰ ਵਲੋ ਨਹੀਂ ਕੀਤਾ ਗਿਆ ਪਿੰਡ ਵਾਸੀਆਂ ਵਲੋ ਆਪਣਾ ਨਾਮ ਗੁਪਤ ਰੱਖਣ ਦੀ ਸ਼ਰਤ ਤੇ ਪੱਤਰਕਾਰਾ ਨੂੰ ਦੱਸਿਆ ਕਿ ਇਹ ਕੂੜੇ ਦੇ ਢੇਰ ਪਿਛਲੇ 20 ਤੋ 25 ਸਾਲ ਤੋਂ ਇਸੇ ਜਗਾ ਤੇ ਵੇਖੇ ਜਾ ਸਕਦੇ ਹਨ ਜਿਸ ਨਾਲ ਅਨੇਕਾਂ ਗੰਭੀਰ ਬਿਮਾਰੀਆਂ ਫੈਲਣ ਦਾ ਖਤਰਾ ਹਰ ਵੇਲੇ ਬਣਿਆ ਰਹਿੰਦਾ ਹੈ ਪੰਜਾਬ ਚ ਇਸ ਵੇਲੇ ਆਮ ਆਦਮੀ ਪਾਰਟੀ ਦੀ ਸਰਕਾਰ ਹੈ ਮਾਨਯੋਗ ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਵਲੋ ਪੰਜਾਬ ਨੂੰ ਸੱਭ ਤੋਂ ਸੁੰਦਰ ਤੇ ਖੁਸ਼ਹਾਲ ਸੂਬਾ ਬਣਾਉਣ ਦੇ ਬਿਆਨ ਸਮੇਂ ਸਮੇਂ ਤੇ ਦਿੱਤੇ ਜਾਂਦੇ ਹਨ ਪ੍ਰੰਤੂ ਇਸ ਪਿੰਡ ਵਿੱਚ ਜਗ੍ਹਾ ਜਗ੍ਹਾ ਲੱਗੇ ਹੋਏ ਕੂੜੇ ਦੇ ਢੇਰ ਦੀ ਸਾਰ ਕੌਣ ਲਵੇਗਾ ਜੇਕਰ ਸਮਾ ਰਹਿੰਦੇ ਕੂੜੇ ਦੇ ਢੇਰ ਦੀ ਸਫਾਈ ਨਾ ਕਰਵਾਈ ਗਈ ਤਾਂ ਪਿੰਡ ਵਾਸੀਆਂ ਨੂੰ ਗੰਭੀਰ ਬਿਮਾਰੀਆਂ ਨਾਲ ਜੂਝਨਾ ਪਵੇਗਾ ।।

ਆਵਾਜ਼ਿ ਕੌਮ AWAZE QAUM International Newspaper & WEB TV

ਪਿੰਡ ਉਦੋਕੇ ਵਿੱਖੇ ਸੰਤ ਬਾਬਾ ਚੁੱਗਤ ਸਿੰਘ ਅਤੇ ਸੰਤ ਬਾਬਾ ਜੋਗਿੰਦਰ ਸਿੰਘ ਦੀ ਯਾਦ ਵਿੱਚ

# 33ਵਾਂ ਫੁੱਟਬਾਲ ਟੂਰਨਾਮੈਂਟ ਕਰਾਇਆ



ਚੌਕ ਮਹਿਤਾ, 16 ਜੂਨ ( ਬਾਬਾ ਸੁਖਵੰਤ ਸਿੰਘ ਚੰਨਣਕੇ) ਗੁਰਦੁਆਰਾ ਨਾਗੀਆਨਾ ਸਾਹਿਬ ਪਿੰਡ ਉਦੋਕੇ ਦੇ ਮੁੱਖੀ ਸ੍ਰੀ ਮਾਨ ਸੰਤ ਬਾਬਾ ਕੰਵਲਜੀਤ ਸਿੰਘ ਆਗਵਾਈ ਹੇਠ, ਐਨ ਆਰ ਆਈ ਵੀਰਾਂ ਅਤੇ ਇਲਾਕੇ ਨਿਵਾਸੀ ਦੇ ਸਹਿਯੋਗ ਦੇ ਨਾਲ ਸੰਤ ਬਾਬਾ ਚੁੱਗਤ ਸਿੰਘ ਅਤੇ ਸੰਤ ਬਾਬਾ ਜੋਗਿੰਦਰ ਸਿੰਘ ਦੀ ਯਾਦ ਵਿੱਚ 33 ਵਾਂ ਫੁੱਟਬਾਲ ਟੂਰਨਾਮੈਂਟ ਕਰਾਇਆ ਗਿਆ । ਜਿਸ ਤਕਰੀਬਨ 40 ਟੀਮਾਂ ਨੇ ਭਾਗ ਲਿਆ। ਜਿਸ ਦੌਰਾਨ ਇੱਕ ਸੈਮੀਫ਼ਾਈਨਲ ਪਿੰਡ ਚੌਹਾਨ ਅਤੇ ਭਿੰਡਰ ਕਲਾ ਟੀਮਾ ਦੌਰਾਨ ਹੋਇਆ, ਦੂਜਾ ਸੈਮੀਫ਼ਾਈਨਲ ਉਦੋਕੇ ਅਤੇ ਬੱਲਪੁਰੀਆ ਟੀਮਾ ਦੌਰਾਨ ਹੋਇਆ। ਇੱਕ ਸੈਮੀਫ਼ਾਈਨਲ ਭਿੰਡਰ ਕਲਾ ਨੇ ਜਿੱਤ ਕੇ ਫਾਈਨਲ ਵਿੱਚ ਭਾਗ ਲਿਆ। ਦੂਜੇ ਸੈਮੀਫ਼ਾਈਨਲ ਵਿੱਚ ਉਦੋਕੇ ਨੇ ਜਿੱਤ ਕੇ ਫਾਈਨਲ ਵਿੱਚ ਭਾਗ ਲਿਆ। ਅਤੇ ਫਾਈਨਲ ਵਿੱਚ ਉਦੋਕੇ ਅਤੇ ਭਿੰਡਰ ਕਲਾ ਦੇ ਵਿਚਕਾਰ ਹੋਇਆ ਜਿਸ ਵਿੱਚ ਭਿੰਡਰ ਕਲਾ ਦੀ ਟੀਮ ਇੱਕ ਗੋਲ ਵਿੱਚ ਜੇਤੂ ਰਹੀ ਅਤੇ ਦੂਜਾ ਸਥਾਨ ਉਦੋਕੇ ਦੀ ਟੀਮ ਨੇ ਪ੍ਰਾਪਤ ਕੀਤਾ, ਇਸ ਮੌਕੇ ਤੇ ਸਹਿਜਬੀਰ ਸਿੰਘ, ਹਰਮਨ ਸਿੰਘ ਜਸਵੰਤ ਸਿੰਘ ਵਿੰਡਰ ਟੀ ਵੀ ਸੈਂਟਰ ਵਾਲੇ, ਚੇਅਰਮੈਨ ਅਮਰਪਾਲ ਸਿੰਘ ਪਾਲੀ, ਕੋਚ ਮਨਜਿੰਦਰ ਸਿੰਘ, ਹਰਜੋਤ ਸਿੰਘ, ਲਾਲਵਿੰਦਰ ਸਿੰਘ ਲਾਲੀ, ਫਤਹਿ ਸਿੰਘ, ਸੈਕਟਰੀ ਸਰਬਜੀਤ ਸਿੰਘ, ਸਰਪੰਚ ਸੰਦੀਪ ਸਿੰਘ ਸਰਪੰਚ ਹਰੀ, ਅਮਰਜੀਤ ਸਿੰਘ, ਗੋਲਡੀ, ਸਾਬਾ, ਗੋਪੀ, ਅਤੇ ਸਮੂਹ ਐਨ ਆਰ ਆਈ, ਅਤੇ ਪੰਚਾਇਤ ਗਰਾਮ ਉਦੋਕੇ ਅਤੇ ਸਮੂਹ ਇਲਾਕਾ ਨਿਵਾਸੀ ਹਾਜ਼ਰ ਸਨ।

ਕੈਨੇਡਾ 'ਚ ਮਾਸੂਮ ਬੱਚਿਆਂ ਤੋਂ

# ਪ੍ਰਧਾਨ ਮੰਤਰੀ ਮੋਦੀ ਦੀ ਤਸਵੀਰ ਦਾ ਅਪਮਾਨ ਕਰਾਉਣਾ ਨਿੰਦਣਯੋਗ: ਪ੍ਰੋ. ਸਰਚਾਂਦ ਸਿੰਘ ਖਿਆਲਾ



ਵਿਚਾਰ ਆਪੋ-ਆਪਣਾ

**ਅੰਮ੍ਰਿਤਸਰ, 16 ਜੂਨ (ਆਵਾਜ਼ਿ ਕੌਮ ਬਿਊਰੋ)**-ਭਾਜਪਾ ਦੇ ਸੂਬਾਈ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਕਿਹਾ ਕਿ ਐਕਸ ਉੱਤੇ ਇੱਕ ਵੀਡੀਓ ਦੇਖੀ ਗਈ । ਜੋ ਕੈਨੇਡਾ ਵਿੱਚ ਰਿਕਾਰਡ ਹੋਈ ਦੱਸੀ ਜਾ ਰਹੀ ਹੈ, ਜਿਸ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਤਸਵੀਰ ਦਾ ਕੁਝ ਸਿੱਖ ਬੱਚਿਆਂ ਵੱਲੋਂ ਜਿਨ੍ਹਾਂ ਦੇ ਉਮਰ ਪੰਜ ਸੱਤ ਸਾਲ ਦੇ ਹੋ ਸਕਦੇ ਹਨ, ਵੱਲੋਂ ਅਪਮਾਨ ਕੀਤਾ ਗਿਆ ਨਜ਼ਰ ਆ ਰਿਹਾ। ਇਹ ਨਹੀਂ ਪਤਾ ਇਸ ਦੇ ਪਿੱਛੇ ਕੌਣ ਲੋਕ ਹਨ, ਪਰ ਵੀਡੀਓ ਦੇਖ ਕੇ ਤਾਂ ਪਤਾ ਲੱਗਦਾ ਹੈ ਕਿ ਮਾਸੂਮ ਬੱਚਿਆਂ ਦਾ ਬਰੇਨ ਵਾਸ਼ ਕੀਤਾ ਗਿਆ ਤੇ ਉਹਨਾਂ ਦੇ ਅੰਦਰ ਭਾਰਤ ਪ੍ਰਤੀ ਨਫ਼ਰਤ ਭਰ ਦਿੱਤੀ ਗਈ। ਇਹ ਭਾਰਤ ਅਤੇ ਭਾਜਪਾ ਦੇ ਆਗੂਆਂ ਖਿਲਾਫ ਇੱਕ ਝੂਠਾ ਬਿਰਤਾਂਤ, ਫਾਲਸ ਨੈਰੇਟਿਵ ਸਿਰਜਣ ਦੇ ਖਾਲਿਸਤਾਨੀ ਪੱਖੀ ਲੋਕਾਂ ਦੀ ਸਾਜ਼ਿਸ਼ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਹ ਹਤਾਸ਼ ਲੋਕਾਂ ਦੀ ਕਰਤੂਤ ਹੈ ਜੋ ਭਾਰਤ ਅਤੇ ਹਿੰਦੂਆਂ ਪ੍ਰਤੀ ਨਫ਼ਰਤ ਬੱਚਿਆਂ ਦੇ ਮਨਾਂ ਵਿੱਚ ਬਿਠਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਇਹ ਸਭ ਰਾਜਨੀਤੀ ਤੋਂ ਪ੍ਰੇਰਿਤ ਹਨ।

ਸਿੱਖ ਧਰਮ ਸਦਭਾਵਨਾ ਸਾਂਝੀਵਾਲਤਾ ਅਤੇ ਸਰਬੱਤ ਦੇ ਭਲੇ ਲਈ ਜਾਣਿਆ ਜਾਂਦਾ ਹੈ। ਕੁਦਰਤੀ ਆਫ਼ਤਾਂ ਸਮੇਂ ਦੁਨੀਆ 'ਚ ਲੋਕਾਈ ਦੀ ਕੀਤੀ ਜਾਂਦੀ ਸੇਵਾ ਨਾਲ ਸਿੱਖੀ ਨੇ ਆਪਣੀ ਵੱਖਰੀ ਪਛਾਣ ਬਣਾਈ ਹੈ। ਇਹ ਖਾਲਿਸਤਾਨੀ ਅਜੇਹੀ ਹੁੱਲੜਬਾਜ਼ੀ ਕਰਕੇ ਉਸ ਪਛਾਣ ਨੂੰ ਮਿਟਾਉਣ ਦੀ ਕੋਸ਼ਿਸ਼ ਵਿੱਚ ਲੱਗੇ ਹੋਏ ਹਨ ਜੋ ਕਿ ਸਿੱਖ ਧਰਮ ਦੇ ਸੰਦੇਸ਼ ਦੇ ਬਿਲਕੁਲ ਉਲਟ ਹੈ ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਿਸ ਨੂੰ ਪੰਥਕ ਸਟੇਜ ਸ਼੍ਰੋਮਣੀ ਕਮੇਟੀ ਤੋਂ ਕੌਮੀ ਸੇਵਾ ਅਵਾਰਡ ਨਾਲ ਨਿਵਾਜਿਆ ਜਾ ਚੁੱਕਿਆ ਹੈ ਅਤੇ ਮਸੀਹਾ ਵਜੋਂ ਦੱਸਿਆ ਗਿਆ ਹੈ। ਉਹਨਾਂ ਨੇ ਗੁਰੂ ਸਾਹਿਬਾਨ ਦੀਆਂ ਸ਼ਤਾਬਦੀਆਂ ਧੂਮ ਧਾਮ ਨਾਲ ਸਰਕਾਰੀ ਪੱਧਰ 'ਤੇ ਮਨਾਉਣਾ ਕੀਤਾ। ਕਰਤਾਰਪੁਰ ਲਾਂਘੇ ਵਰਗੇ ਅੰਤਰਰਾਸ਼ਟਰੀ ਕਾਰਜ ਸਿੱਖ ਭਾਈਚਾਰੇ ਲਈ ਕੀਤਾ, 26 ਦਸੰਬਰ ਨੂੰ ਹਰ ਸਾਲ ਛੋਟੇ ਸਾਹਿਬਜ਼ਾਦਿਆਂ ਦੀਆਂ ਕੁਰਬਾਨੀਆਂ ਨੂੰ ਸਿੱਜਦਾ ਕਰਨ ਲਈ ਵੀਰ ਬਾਲ ਦਿਵਸ ਦਾ ਐਲਾਨ ਕੀਤਾ, ਬੰਦੀ ਸਿੰਘਾਂ ਦੀ ਰਿਹਾਈ ਸੰਭਵ ਬਣਾਈ, ਕਾਲੀ ਸੂਚੀਆਂ ਦਾ ਖ਼ਾਤਮਾ ਕੀਤਾ, ਸ੍ਰੀਮਤੀ ਇੰਦਰਾ ਗਾਂਧੀ ਵੱਲੋਂ ਸ੍ਰੀ ਦਰਬਾਰ ਸਾਹਿਬ ਦੇ ਕੀਤੇ ਕਿ ਬਲੂ ਸਟਾਰ ਆਪ੍ਰੇਸ਼ਨ ਨੂੰ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕਰਾਰ ਦਿੱਤਾ, ਉਹ ਵੀ ਪਾਰਲੀਮੈਂਟ ਦੇ ਅੰਦਰ , 84 ਦੇ ਕਤਲੇਆਮ ਨੂੰ ਭਿਆਨਕ ਨਰ ਸੰਘਾਰ ਅਤੇ ਕਤਲੇ ਆਮ ਦੇ ਦੋਸ਼ੀ ਸੱਜਣ ਕੁਮਾਰ ਦੇ ਜਗਦੀਸ਼ ਟਾਈਟਲ ਵਰਗਿਆਂ ਨੂੰ ਸਲਾਖ਼ਾਂ ਪਿੱਛੇ ਭੇਜਣਾ ਕੀਤਾ। ਕਤਲੇਆਮ ਦੇ ਪੀੜਤਾਂ ਨੂੰ ਮਾਲੀ ਮਦਦ ਦਿੱਤੀ ਅਤੇ ਹੁਣ ਉਹਨਾਂ 250 ਪਰਿਵਾਰਾਂ ਨੂੰ ਨੌਕਰੀਆਂ ਦਿੱਤੀਆਂ ਗਈਆਂ । ਜੋਧਪੁਰ ਨਜ਼ਰਬੰਦਾਂ ਨੂੰ ਮੁਆਵਜ਼ਾ ਦਿੱਤਾ, ਅਫ਼ਗ਼ਾਨਿਸਤਾਨ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਿੰਨ ਸਰੂਪ ਵਾਪਸ ਲਿਆਂਦੇ ਅਤੇ ਅਫ਼ਗ਼ਾਨਿਸਤਾਨ ਦੇ ਸਿੱਖਾਂ ਨੂੰ ਤੇ ਹਿੰਦੂਆਂ ਨੂੰ ਨਾਗਰਿਕਤਾ ਸੋਧ ਕਾਨੂੰਨ ਅਧੀਨ ਭਾਰਤੀ ਨਾਗਰਿਕਤਾ ਦਿੱਤੀ, ਸ੍ਰੀ ਹੇਮਕੁੰਟ ਸਾਹਿਬ ਲਈ 2700 ਕਰੋੜ ਦੀ ਲਾਗਤ ਨਾਲ ਰੋਪ ਵੇ ਨੂੰ ਬਣਾਉਣ ਦਾ ਕਾਰਜ ਮਿਥਿਆ। ਮੈਂ ਸਮਝਦਾ ਹਾਂ ਕਿ ਖਾਲਿਸਤਾਨੀ '84 ਦੇ ਸਿੱਖ ਕਤਲੇਆਮ ਅਤੇ ਹੋਰ ਵਰਤਾਰਿਆਂ ਨੂੰ ਹਿੰਦੂ ਅਤੇ ਸਿੱਖਾਂ 'ਚ ਪਾੜਾ ਪਾਉਣ ਲਈ ਵਰਤ ਰਹੇ ਹਨ, ਜਦੋਂ ਕਿ ਅਸਲ ਦੋਸ਼ੀ ਕਾਂਗਰਸ ਦੀ ਆਲੋਚਨਾ ਕਰਨੀ ਚਾਹੀਦੀ ਸੀ। ਫ਼ਰਜ਼ੀ ਖਾਲਿਸਤਾਨੀ ਅੰਦੋਲਨ ਸਿੱਖਾਂ ਦੇ ਭਵਿੱਖ ਨੂੰ ਖ਼ਤਰੇ ਵਿੱਚ ਪਾ ਦੇਵੇਗਾ। ਵੰਡ ਪਾਊ 'ਤੇ ਜ਼ੋਰ ਦਿੱਤਾ ਜਾ ਰਿਹਾ ਇਹ ਵਰਤਾਰਾ ਸਿੱਖਾਂ ਦਾ ਅਕਸ ਖ਼ਰਾਬ ਕਰ ਰਿਹਾ ਹੈ। ਅਸਲ ਦੇ ਵਿੱਚ ਗੁਰ ਪਤਵੰਤ ਪੰਨੂ ਹੋਵੇ ਜਾਂ ਕੋਈ ਹੋਰ ਖਾਲਿਸਤਾਨੀ ਆਗੂ ਪਾਕਿਸਤਾਨ ਦੇ ਇਸ਼ਾਰਿਆਂ ਦੇ ਵਿੱਚ ਕੰਮ ਕਰ ਰਹੇ ਹਨ। ਅਖੌਤੀ ਖ਼ਾਲਿਸਤਾਨ ਦਾ ਮਨੋਨੀਤ ਨਕਸ਼ਾ ਪੇਸ਼ ਕਰਦਿਆਂ ਉਹਨਾਂ ਨੇ ਲਾਹੌਰ ਨੂੰ ਸ਼ਾਮਿਲ ਨਾ ਕਰਨਾ ਇਸ ਦਾ ਪ੍ਰਤੱਖ ਸਬੂਤ ਹੈ। ਬੀਤੇ ਸਮੇਂ ਦੌਰਾਨ ਆਪਾਂ ਦੇਖਿਆ ਹੈ ਕਿ ਕੈਨੇਡਾ ਦੇ ਟਰਾਂਟੋ ਸ਼ਹਿਰ ਦੇ ਨੇੜੇ ਬਰੈਂਪਟਨ ਵਿੱਚ ਖਾਲਿਸਤਾਨੀ ਸਮਰਥਕਾਂ ਨੇ ਉੱਥੇ ਸਾਲਾਨਾ ਲਾਈਫ਼ ਸਰਟੀਫਿਕੇਟ ਜਾਰੀ ਕਰਨ ਲਈ ਭਾਰਤੀ ਸਫ਼ਾਰਤਖ਼ਾਨੇ ਵੱਲੋਂ ਇਕ ਮੰਦਰ 'ਚ ਲਗਾਏ ਗਏ ਕੈਂਪ 'ਤੇ ਹਮਲਾ ਕੀਤਾ, ਜਿਸ ਦਾ ਭਾਰਤ ਪੱਖੀ ਲੋਕਾਂ ਨੇ ਤਗੜੇ ਹੋ ਕੇ ਉਹਨਾਂ ਦਾ ਮੁਕਾਬਲਾ ਕੀਤਾ ।ਇਸ ਹਿੰਸਕ ਟਕਰਾਅ ਤੋਂ ਬਾਅਦ ਹਜ਼ਾਰਾਂ ਹਿੰਦੂ ਸਿੱਖਾਂ ਨੇ ਏਕਤਾ ਦਾ ਪ੍ਰਗਟਾਵਾ ਕਰਦਿਆਂ ਬਰੈਂਪਟਨ ਵਿੱਚ ਮਾਰਚ ਵੀ ਕੀਤਾ। ਬੇਸ਼ੱਕ ਕੈਨੇਡਾ ਵਿੱਚ ਹਰੇਕ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਦਾ ਅਧਿਕਾਰ ਹੈ ਪਰ ਇਸ ਦੀ ਆੜ ਵਿੱਚ ਕੈਨੇਡਾ ਸਰਕਾਰ ਭਾਰਤ ਪ੍ਰਤੀ ਨਫ਼ਰਤ ਫੈਲਾਉਣ ਵਾਲਿਆਂ ਨੂੰ ਸ਼ੈ ਦੇ ਰਹੀ ਹੈ। ਉਹ ਬੇਰੋਕ ਟੋਕ ਭਾਰਤ ਵਿਰੋਧੀ ਕਾਰਵਾਈਆਂ ਨੂੰ ਅੰਜਾਮ ਦੇ ਰਹੇ ਹਨ।

ਕੈਨੇਡਾ, ਅਮਰੀਕਾ ਅਤੇ ਇੰਗਲੈਂਡ ਵਿੱਚ ਬੈਠੇ ਅਨੇਕਾਂ ਖਾਲਿਸਤਾਨੀ ਗਰੁੱਪ ਭਾਰਤ ਖਿਲਾਫ ਤਿੱਖੀ ਬਿਆਨਬਾਜ਼ੀ ਕਰਦੇ ਆ ਰਹੇ ਹਨ। ਕਈ ਵਾਰ ਭਾਰਤੀ ਆਗੂਆਂ ਦੀਆਂ ਤਸਵੀਰਾਂ ਦੇ ਨਾਲ ਨਾਲ ਭਾਰਤੀ ਝੰਡੇ ਦਾ ਵੀ ਅਪਮਾਨ ਕਰਦੇ ਹਨ। ਅਮਰੀਕਾ ਤੇ ਕੈਨੇਡਾ ਵਰਗੇ ਦੇਸ਼ ਭਾਰਤ ਖਿਲਾਫ ਵੱਖਵਾਦੀ ਸੁਰਾਂ ਕੱਢਣ ਵਾਲਿਆਂ ਲਈ ਸੁਰੱਖਿਆ ਛੁਪਣਗਾਹ ਬਣ ਚੁੱਕੇ ਹਨ ਭਾਵੇਂ ਕਿ ਭਾਰਤ ਅਤੇ ਪੰਜਾਬ ਵਿੱਚ ਖਾਲਿਸਤਾਨੀਆਂ ਲਈ ਕੋਈ ਸਮਰਥਨ ਨਹੀਂ ਮਿਲ ਰਿਹਾ ਹੈ। ਬਹੁਤਾ ਕਰਕੇ ਸਿੱਖਾਂ ਦਾ ਖ਼ਾਲਿਸਤਾਨ ਨਾ ਕੋਈ ਲੈਣਾ ਦੇਣਾ ਨਹੀਂ ਹੈ

# ਬੀਤੀ ਰਾਤ ਪਿਸਟਲ ਦੀ ਨੋਕ ਤੇ ਕੋਲਿਆਂ ਵਾਲੇ 18 ਚੱਕੀ ਟਰਾਲੇ ਨੂੰ ਲੁੱਟਣ ਵਾਲੇ ਗਰੋਹ ਨੂੰ ਇਕ ਘੰਟੇ ਵਿੱਚ ਕੀਤਾ ਕਾਬੂ

## ਟ੍ਰੈਫਿਕ ਨਿਯਮਾਂ ਨੂੰ ਛਿੱਕੇ ਤੇ ਟੰਗਣ ਵਾਲਿਆਂ ਦੇ ਕੀਤੇ ਜਾ ਰਹੇ ਚਲਾਨ ਡੀ ਐਸ ਪੀ ਰਵਿੰਦਰ ਸਿੰਘ



**ਜੰਡਿਆਲਾ ਗੁਰੂ, 16 ਜੂਨ ( ਕੁਲਵੰਤ ਸਿੰਘ ਵਿਰਦੀ )**-ਅੱਜ ਜੰਡਿਆਲਾ ਗੁਰੂ ਦੇ ਮੁੱਖੀ ਡੀ ਐਸ ਪੀ ਰਵਿੰਦਰ ਸਿੰਘ ਵੱਲੋਂ ਕੀਤੀ ਗਈ ਪ੍ਰੈਸ ਕਾਨਫਰੰਸ ਚ ਦੱਸਿਆ ਕਿ ਐਸ ਐਚ ਓ ਹਰਚੰਦ ਸਿੰਘ ਵਲੋ ਵੱਖ ਵੱਖ ਟੀਮਾਂ ਬਣਾ ਕੇ ਵੱਖ ਵੱਖ ਮਾਮਲਿਆ ਵਿੱਚ ਲੋੜੀਂਦੇ ਦੋਸ਼ੀਆ ਨੂੰ ਕਾਬੂ ਕੀਤਾ ਗਿਆ ਜਿਸ ਵਿੱਚ ਕਸ਼ਮੀਰ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀ ਸੇਖੂਪੁਰਾ ਮੁਹੱਲਾ ਥਾਣਾ ਜੰਡਿਆਲਾ ਗੁਰੂ ਦੂਸਰੇ ਕੇਸ ਵਿੱਚ ਜੰਡਿਆਲਾ ਗੁਰੂ ਵਿਖੇ ਸਥਿਤ ਸੁਰਿੰਦਰ ਕਰਿਆਨਾ ਸਟੋਰ ਵੈਰੋਵਾਲ ਰੋਡ ਵਾਸੀ ਪਿੰਡ ਸਰਲੀ ਕਲਾ ਕਰਿਆਨੇ ਵਾਲੇ ਦੀ ਦੁਕਾਨ ਤੇ ਜਿਨਾਂ ਵੱਲੋਂ ਗੋਲੀਆਂ ਚਲਾਈਆਂ ਗਈਆਂ ਸਨ ਜਿਸ ਵਿੱਚ ਰਮਨਪ੍ਰੀਤ ਸਿੰਘ ਪੁੱਤਰ ਹਰਚਰਨ ਸਿੰਘ ਵਾਸੀ ਰਾਮਦਾਸ ਐਵੀਨਿਊ ਗਮਟਾਲਾ ਸਦਰ ਅੰਮ੍ਰਿਤਸਰ ਨੂੰ ਗ੍ਰਿਫਤਾਰ ਕਰਕੇ ਵਾਰਦਾਤ ਵਿੱਚ ਵਰਤਿਆ ਮੋਟਰਸਾਈਕਲ ਵੀ ਬਰਾਮਦ ਕੀਤਾ ਜਾ ਚੁੱਕਾ ਅਤੇ ਮੁਹੱਲਾ ਸੇਖੂਪੁਰਾ ਵਿੱਚ ਬਲੈਕ ਆਊਟ ਦੌਰਾਨ ਸਤਨਾਮ ਸਿੰਘ ਪੁੱਤਰ ਜੋਗਿੰਦਰ ਸਿੰਘ ਨੂੰ ਮਾਰ ਦੇਣ ਦੀ ਨੀਅਤ ਨਾਲ ਘਰ ਦੇ ਗੇਟ ਤੇ ਗੋਲੀਆਂ ਚਲਾਈਆਂ ਗਈਆਂ ਸਨ ਉਸ ਵਾਰਦਾਤ ਵਿੱਚ ਲੋੜੀਂਦੇ ਦੋਸ਼ੀ ਕੁਲਦੀਪ ਸਿੰਘ ਉਰਫ ਕਾਲੂ ਪੁੱਤਰ ਸੰਤੋਖ ਸਿੰਘ ਵਾਸੀ ਸੇਖੂਪੁਰਾ ਮੁਹੱਲਾ ਨੂੰ ਗ੍ਰਿਫਤਾਰ ਕੀਤਾ ਗਿਆ ਤੇ ਬੀਤੀ ਰਾਤ ਰਾਜਸਥਾਨ ਤੋਂ ਕੋਲਿਆਂ ਦੇ ਭਰੇ ਹੋਏ 18 ਚੱਕੀ ਟਰਾਲੇ ਨੂੰ ਖਾਲੀ ਕਰਕੇ ਵਾਪਸ ਜਾ ਰਹੇ ਟਰਾਲੇ ਨੂੰ ਪਿਸਟਲ ਦੀ ਨੋਕ ਤੇ ਲੁੱਟਣ ਵਾਲੇ ਲੁਟੇਰਿਆਂ ਨੂੰ ਜੰਡਿਆਲਾ ਪੁਲਿਸ ਨੇ ਇੱਕ ਘੰਟੇ ਵਿੱਚ ਗ੍ਰਿਫਤਾਰ ਕੀਤਾ ਗਿਆ ਹੈ ਇਸ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਦੋਸ਼ੀ ਦਾਨਿਸ ਸ਼ਰਮਾ ਪੁੱਤਰ ਰਾਜੇਸ਼ ਸ਼ਰਮਾ ਵਾਸੀ ਰਈਆ ਤੇ ਸਰਬਜੀਤ ਸਿੰਘ ਉਰਫ ਗੋਲਾ ਪੁੱਤਰ ਅਮਰੀਕ ਸਿੰਘ ਵਾਸੀ ਨਿੱਕਾ ਰਈਆ ਨੂੰ ਗ੍ਰਿਫਤਾਰ ਕੀਤਾ ਗਿਆ ਡੀ ਐਸ ਪੀ ਸ੍ਰ ਰਵਿੰਦਰ ਸਿੰਘ ਵੱਲੋਂ ਪਬਲਿਕ ਨੂੰ ਅਪੀਲ ਕਰਦਿਆ ਕਿਹਾ ਕਿ ਜੇਕਰ ਕੋਈ ਵੀ ਅਨਜਾਣ ਵਿਅਕਤੀ ਮੂੰਹ ਬੰਨ੍ਹ ਕਿ ਬਿਨ੍ਹਾ ਨੰਬਰੀ ਮੋਟਰਸਾਈਕਲ ਤੇ ਆਉਂਦਾ ਜਾਂਦਾ ਦਿਖਾਈ ਦੇਵੇ ਤਾਂ ਇਸਦੀ ਇਤਲਾਹ ਤੁਰੰਤ ਪੁਲਿਸ ਨੂੰ ਕੀਤੀ ਜਾਵੇ। ਅੱਗੇ ਉਨਾਂ ਕਿਹਾ ਕਿ ਪਬਲਿਕ ਪੁਲਿਸ ਤੇ ਸਵਾਲੀਆ ਚਿੰਨ੍ਹ ਲਗਾ ਰਹੀ ਹੈ ਕਿ ਪੁਲਿਸ ਵੱਲੋਂ ਵਜਾਇਜ ਚਲਾਨ ਕੀਤੇ ਜਾ ਰਹੇ ਹਨ ਦਰਅਸਲ ਇਹ ਬੇਬੁਨਿਆਦ ਹੈ ਕਿਉਂਕਿ ਪੁਲਿਸ ਉਸ ਦਾ ਚਲਾਨ ਕਰ ਰਹੀ ਹੈ ਜੋ ਇਕ ਤਾਂ ਛੋਟੀ ਉਮਰ ਦੇ ਬੱਚੇ ਹੁੰਦੇ ਦੂਜਾ ਉਹ ਵਿਅਕਤੀ ਟ੍ਰੈਫਿਕ ਨਿਯਮਾਂ ਨੂੰ ਛਿੱਕੇ ਟੰਗ ਕਿ ਤਿੰਨ ਚਾਰ ਜਾਣੇ ਮੋਟਰਸਾਈਕਲ ਤੇ ਸਵਾਰ ਹੋ ਕਿ ਸਹਿਰ ਵਿੱਚੋਂ ਗੁਜਰਦੇ ਹਨ

# 'ਆਪ' ਜ਼ਿਮਨੀ ਚੋਣ ਸ੍ਰੀ ਸੰਜੀਵ ਅਰੋੜਾ ਸ਼ਾਨ ਨਾਲ ਜਿੱਤੇਗੀ- ਸਰਪੰਚ ਲਖਵਿੰਦਰ ਸਿੰਘ ਜਲਾਲ ਉਸਮਾ



ਚੌਕ ਮਹਿਤਾ, 16ਜੂਨ (ਬਾਬਾ ਸੁਖਵੰਤ ਸਿੰਘ ਚੰਨਣਕੇ)-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਮਾਨ ਸਰਕਾਰ ਵਲੋਂ ਪੰਜਾਬ ਦੇ ਲੋਕਾਂ ਨੂੰ ਜੋ ਸੁੱਖ ਸਹੂਲਤਾਂ ਦਿੱਤੀਆਂ ਹਨ, ਲੋਕ ਲੁਧਿਆਣਾ ਦੀ ਜ਼ਿਮਨੀ ਚੋਣ ਵਿਚ ਆਪ ਦੇ ਉਮੀਦਵਾਰ ਨੂੰ ਸ਼ਾਨ ਨਾਲ ਜਿਤਾਉਣਗੇ। ਇਹ ਸਰਪੰਚ ਲਖਵਿੰਦਰ ਸਿੰਘ ਜਲਾਲ ਉਸਮਾ. ਨੇ ਚੋਣ ਪ੍ਰਚਾਰ ਦੌਰਾਨ ਕੀਤਾ। ਇਸ ਸਮੇਂ ਉਨ੍ਹਾਂ ਨਾਲ ਸੀਨੀਅਰ 'ਆਪ' ਆਗੂ ਪ੍ਰਧਾਨ ਗੁਰਮੁੱਖ ਸਿੰਘ ਔਜਲਾ ਡੇਹਰੀਵਾਲ , ਡਾ, ਪਰਮਜੀਤ ਸਿੰਘ ਸੰਧੂ ਵੀ ਮੌਜੂਦ ਸਨ। ਜ਼ਿਕਰਯੋਗ ਹੈ ਕਿ ਪਿਛਲੇ ਦਿਨਾਂ ਤੋਂ ਸਾਥੀਆਂ ਸਮੇਤ ਚੋਣ ਪ੍ਰਚਾਰ ਲਈ ਲੁਧਿਆਣਾ ਪਹੁੰਚੇ ਹੋਏ ਹਨ। ਇਸ ਸਮੇਂ ਲਖਵਿੰਦਰ ਸਿੰਘ ਜਲਾਲ ਉਸਮਾ ਨੇ ਆਖਿਆ ਕਿ ਲੁਧਿਆਣਾ ਪੱਛਮੀ ਵਾਰਡ ਨੰ: 63 ਤੋਂ 'ਆਪ' ਪਾਰਟੀ ਦੇ ਉਮੀਦਵਾਰ ਸ੍ਰੀ ਸੰਜੀਵ ਅਰੋੜਾ ਨੂੰ ਲੋਕ 19 ਜੂਨ ਨੂੰ ਹੋਣ ਵਾਲੀ ਜ਼ਿਮਨੀ ਚੋਣ ਵਿਚ ਇਕ ਤਰਫ਼ਾ ਵੋਟਾਂ ਪਾ ਕੇ ਭਾਰੀ ਬਹੁਮਤ ਨਾਲ ਜਿਤਾਉਣਗੇ। ਇਸ ਮੌਕੇ ਪ੍ਰਧਾਨ ਗੁਰਮੁੱਖ ਸਿੰਘ ਔਜਲਾ ਡੇਹਰੀਵਾਲ ਸਰਪੰਚ ਲਖਵਿੰਦਰ ਸਿੰਘ ਜਲਾਲ ਉਸਮਾ ਡਾ, ਪਰਮਜੀਤ ਸਿੰਘ ਸੰਧੂ, ਅਮਰ ਰਾਵਤ, ਬੂਟਾ ਸਿੰਘ ਜਲਾਲ, ਪ੍ਰਧਾਨ ਬਲਜੀਤ ਸਿੰਘ ਸਰਾਂ ਜਰਨਲ ਸਕੱਤਰ ਐਸ ਸੀ, ਸੈਕਟਰੀ ਦਲਜੀਤ ਸਿੰਘ ਬੁੰਡਾਲਾ ਤੇ ਹੋਰ 'ਆਪ' ਆਗੂ ਹਾਜ਼ਰ ਸਨ।

# ਆਸ਼ਾ ਵਰਕਰ ਯੂਨੀਅਨ ਵੱਲੋਂ ਦਿੱਤਾ ਗਿਆ ਰੋਸ ਧਰਨਾ

**ਹੁਸ਼ਿਆਰਪੁਰ** : ਆਸ਼ਾਂ ਵਰਕਰ ਯੂਨੀਅਨ ਸੀਟੂ ਵੱਲੋ ਆਪਣੀਆਂ ਜਾਇਜ ਮੰਗਾਂ ਦੇ ਸੰਬੰਧ ਵਿੱਚ ਪੋਸੀ ਵਿਖੇ ਪ੍ਰਧਾਨ ਜੋਗਿੰਦਰ ਕੌਰ, ਬਲਵਿੰਦਰ ਕੌਰ, ਸੈਕਟਰੀ ਬਿੰਦਰਪਾਲ ਕੌਰ ਜਥੇਬੰਦੀ ਦੇ ਆਗੂ ਮਹਿੰਦਰ ਕੁਮਾਰ ਬੱਢੋਆਣ, ਸਾਥੀ ਬਲਦੇਵ ਸਿੰਘ ਤੇ ਆਸਾ ਵਰਕਰਾਂ ਤੇ ਲੀਡਰਸਿਪ ਦੀ ਹਾਜਰੀ ਵਿਚ ਰੋਸ ਧਰਨਾ ਲਾਇਆ ਗਿਆ ਤੇ ਬੁਲਾਰਿਆ ਵੱਲੋਂ ਆਪਣੇ ਵਿਚਾਰ ਪੇਸ਼ ਕੀਤੇ ਗਏ। ਜਿਸ ਵਿਚ ਆਸ਼ਾਂ ਵਰਕਰਾਂ ਦੇ ਰੁਕੇ ਹੋਏ ਕੰਮ ਦੇ ਪੈਸੇ 2500 ਫਿਕਸ ਕਰਨ ਤੇ ਕੁਝ ਆਸ਼ਾ ਵਰਕਰਾਂ ਦੇ ਬਕਾਇਆ ਨੂੰ ਲੈ ਕੇ ਦੁਬਿਧਾ ਬਣੀ ਹੈ। ਉਸ ਨੂੰ ਕਲੀਅਰ ਕਰਨ ਨੂੰ ਕਿਹਾ ਗਿਆ। ਸੀ ਟੀ ਬੀ ਦੇ ਇੰਨਸੈਂਟਿਵ ਵਾਲੇ ਬਕਾਇਆ, ਟੀਬੀ ਸਰਵੇ ਦਾ ਬਕਾਇਆ ਤੇ ਹੋਰ ਆ ਰਹੀਆਂ ਮੁਸਿਕਲਾਂ ਜਿਵੇ ਟੀ ਬੀ ਦੀ ਦਵਾਈ ਦਾ ਸਬਸੇਂਟਰ ਤੋਂ ਮਿਲਣਾ, ਆਸ਼ਾਂ ਵਰਕਰ ਦਾ ਪੇਪਰ ਵਰਕ ਜਿਸ ਤੇ ਮੈਡੀਕਲ ਅਫਸਰ ਦੇ ਦਸਤਖਤ ਆਸ਼ਾਂ ਫੈਸਿਲੀਟੇਟਰ ਦੁਆਰਾ ਕਰਾਉਣੇ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਸ਼ਹੀਦ ਭਾਈ ਸਰਵਣ ਸਿੰਘ ਜੀ ਵਾੜਾ ਸ਼ੇਰ ਸਿੰਘ ਅਤੇ ਸਮੂਹ ਸ਼ਹੀਦਾਂ ਸਿੰਘਾਂ ਦੇ

# ਸ਼ਹੀਦੀ ਦਿਹਾੜੇ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ

## ਸੰਤ ਬਾਬਾ ਜਤਿੰਦਰ ਸਿੰਘ ਜੀ ਗੋਬਿੰਦ ਬਾਗ ਵਾਲਿਆਂ ਵੱਲੋਂ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ ਅਤੇ ਸਮਾਗਮ ਵਿੱਚ ਪੂਰਨ ਸਹਿਯੋਗ ਦਿੱਤਾ














**ਤਰਨਤਾਰਨ (ਮਨਪ੍ਰੀਤ ਸਿੰਘ ਵਾੜਾ ਸ਼ੇਰ ਸਿੰਘ)**-ਜੂਨ 1984 ਦੇ ਘੱਲੂਘਾਰੇ ਵਿੱਚ ਸ਼੍ਰੀ ਅਕਾਲ ਤਖਤ ਸਾਹਿਬ ਵਿਖੇ 20ਵੀਂ ਸਦੀ ਦੇ ਮਹਾਨ ਸਿੱਖ ਜਰਨੈਲ ਸੰਤ ਗਿਆਨੀ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲਿਆਂ ਦੀ ਅਗਵਾਈ ਵਿੱਚ ਜੂਝ ਕੇ ਸ਼ਹਾਦਤ ਦਾ ਜਾਮ ਪੀਣ ਵਾਲੇ ਸ਼ਹੀਦ ਭਾਈ ਸਰਵਣ ਸਿੰਘ ਜੀ ਵਾੜਾ ਸ਼ੇਰ ਸਿੰਘ ਅਤੇ ਸਮੂਹ ਸ਼ਹੀਦਾ ਸਿੰਘਾਂ ਦੀ ਯਾਦ ਵਿੱਚ ਸ਼ਹੀਦੀ ਸਮਾਗਮ ਨਗਰ ਵਾੜਾ ਸ਼ੇਰ ਸਿੰਘ ਜਿਲਾ ਤਰਨ ਤਾਰਨ ਵਿਖੇ ਖਾਲਸਾਈ ਸ਼ਾਨੋ ਸ਼ੌਕਤ ਨਾਲ ਕਰਵਾਇਆ ਗਿਆ।ਸ਼ਹੀਦ ਭਾਈ ਸਰਵਣ ਸਿੰਘ ਜੀ ਦੇ ਗ੍ਰਿਹ ਵਿਖੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਉਪਰੰਤ ਗੁਰਦੁਆਰਾ ਧੰਨ ਧੰਨ ਬਾਬਾ ਬੀਰ ਸਿੰਘ ਜੀ ਵਿਖੇ ਪੰਡਾਲ ਸਜੇ। ਸ਼ਹੀਦ ਭਾਈ ਸਰਵਣ ਸਿੰਘ ਜੀ ਦਾ ਪੋਤਰਾ ਅਤੇ ਬਾਬਾ ਸੱਜਣ ਸਿੰਘ ਜੀ ਦਾ ਸਪੁੱਤਰ ਰਾਗੀ ਭਾਈ ਕਿਰਪਾਲ ਸਿੰਘ ਜੀ ਦੇ ਜਥੇ ਵੱਲੋਂ ਮਨੋਹਰ ਗੁਰਬਾਣੀ ਦੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਸੰਤ ਬਾਬਾ ਪ੍ਰਤਾਪ ਸਿੰਘ ਜੀ ਗੋਬਿੰਦ ਬਾਗ ਵਾਲਿਆਂ ਨੇ ਸ਼ਬਦ ਧਾਰਨਾ ਰਾਹੀਂ ਨਿਹਾਲ ਕੀਤਾ। ਇਸ ਤੋਂ ਬਾਅਦ ਸਿੱਖ ਕੌਮ ਦਾ ਮਹਾਨ ਢਾਡੀ ਜੱਥਾ ਬੀਬੀ ਦਲੇਰ ਕੌਰ ਜੀ ਖਾਲਸਾ ਵੱਲੋਂ ਜੋਧੇ ਸੂਰਬੀਰਾਂ ਦੀਆਂ ਢਾਡੀ ਵਾਰਾਂ ਸੁਣਾ ਕੇ ਸੰਗਤਾਂ ਵਿੱਚ ਜੋਸ਼ ਭਰਿਆ। ਇਸ ਤੋਂ ਉਪਰੰਤ ਸੰਤ ਬਾਬਾ ਜਤਿੰਦਰ ਸਿੰਘ ਜੀ ਗੋਬਿੰਦਬਾਗ ਵਾਲਿਆਂ ਨੇ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਸਮਾਗਮ ਵਿੱਚ ਪੂਰਨ ਸਹਿਯੋਗ ਦਿੱਤਾ। ਦੱਸਣ ਯੋਗ ਹੈ ਕਿ ਭਾਈ ਰਜਿੰਦਰ ਸਿੰਘ ਜੀ ਰਾਜਾ ਜਿਲਾ ਪ੍ਰਧਾਨ ਗੁਰਦਾਸਪੁਰ ਦੇ ਪੁੱਤਰ ਸ੍ਰ ਫਤਿਹ ਸਿੰਘ ਵੱਲੋਂ ਕਬੱਡੀ ਸ਼ੋਅ ਮੈਚ ਵਿੱਚ ਆਪਣੇ ਜੌਹਰ ਦਿਖਾਏ। ਸ੍ਰ ਫਤਿਹ ਸਿੰਘ ਇੱਕ ਬਹੁਤ ਹੀ ਵਧੀਆ ਅਤੇ ਉੱਭਰਦਾ ਖਿਡਾਰੀ ਹੈ ਅਤੇ ਕਬੱਡੀ ਸ਼ੋ ਮੈਚ ਵਿੱਚ ਕਾਕਾ ਫਤਿਹ ਸਿੰਘ ਨੇ ਬਹੁਤ ਵੱਡੇ ਸਥਾਨ ਪ੍ਰਾਪਤ ਕੀਤੇ ਹਨ। ਸ਼ਹੀਦ ਪਰਿਵਾਰ ਅਤੇ ਨਗਰ ਨਿਵਾਸੀ ਸੰਗਤਾਂ ਵੱਲੋਂ ਕਾਕਾ ਫਤਿਹ ਸਿੰਘ ਦਾ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਬਾਬਾ ਸੱਜਣ ਸਿੰਘ ਜੀ ਵਾੜਾ ਸ਼ੇਰ ਸਿੰਘ ਵਾਲਿਆਂ ਦੇ ਸਮੂਹ ਪਰਿਵਾਰ ਵੱਲੋਂ ਸੰਤ ਬਾਬਾ ਜਤਿੰਦਰ ਸਿੰਘ ਜੀ ਗੋਬਿੰਦ ਬਾਗ ਅਤੇ ਭਾਈ ਰਜਿੰਦਰ ਸਿੰਘ ਜੀ ਰਾਜਾ ਦਾ ਤਹਿ ਦਿਲੋਂ ਧੰਨਵਾਦ ਕੀਤਾ ਤੇ ਜੀ ਆਇਆ ਕਿਹਾ। ਸਮਾਗਮ ਵਿੱਚ ਬਹੁਤ ਵੱਡੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਰੀ ਭਰੀ। ਇਸੇ ਤਰ੍ਹਾਂ ਭਾਈ ਰਜਿੰਦਰ ਸਿੰਘ ਜੀ ਰਾਜਾ ਜਿਲਾ ਪ੍ਰਧਾਨ ਗੁਰਦਾਸਪੁਰ ਅਤੇ ਭਾਈ ਗੁਰਭੇਜ ਸਿੰਘ ਜੀ ਭੈਣੀ ਮੱਸਾ ਸਿੰਘ ਜ਼ਿਲ੍ਹਾ ਪ੍ਰਧਾਨ ਤਰਨ ਤਾਰਨ ਹੋਰਾਂ ਨੇ ਸਾਂਝੇ ਬਿਆਨ ਰਾਹੀਂ ਜਾਣਕਾਰੀ ਦਿੱਤੀ ਕਿ ਅਗਾਂਹ ਤੋਂ ਬਾਬਾ ਸੱਜਣ ਸਿੰਘ ਜੀ ਜੋ ਵੀ ਸਾਨੂੰ ਸੇਵਾ ਲਗਾਉਣਗੇ ਅਸੀਂ ਹਰ ਟਾਈਮ ਤਤਪਰ ਰਵਾਂਗੇ। ਇਸ ਮੌਕੇ ਬਹੁਤ ਵੱਡੀ ਗਿਣਤੀ ਵਿੱਚ ਸੰਗਤ ਹਾਜ਼ਰ ਹੋਈ। ••

ਆਵਾਜ਼ਿ ਕੌਮ AWAZE QAUM International Newspaper & WEB TV



ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

# 31 ਅਕਤੂਬਰ ਤੋਂ ਵਾਸ਼ਿੰਗਟਨ ਡੀ ਸੀ ਤੱਕ: ਪੰਜਾਬ ਰਿਫਰੈਂਡਮ ਨੇ ਜਗਾਈ ਸਿੱਖਾਂ ਵਿੱਚ ਨਵੀਂ ਜਨ ਚੇਤਨਾ

ਲੰਡਨ – ਸਰਬਜੀਤ ਸਿੰਘ ਬਨੂੜ– 31 ਅਕਤੂਬਰ 2024 ਨੂੰ ਲੰਡਨ ਵਿੱਚ ਡਾਇਸਪੋਰਾ ਪੰਜਾਬੀਆਂ ਵੱਲੋਂ ਹੋਈ ਪਹਿਲੀ ਵੋਟ ਰਾਹੀਂ ਰਿਫਰੈਂਡਮ ਦੀ ਮੁਹਿੰਮ ਨੇ ਇੱਕ ਨਵੀਂ ਇਤਿਹਾਸਕ ਲੀਕ ਖਿੱਚ ਦਿੱਤੀ। ਇਹ ਵੋਟਿੰਗ ਸਿਰਫ਼ ਇੱਕ ਪ੍ਰਕਿਰਿਆ ਨਹੀਂ ਸੀ, ਇਹ ਸੀ ਸਿੱਖ ਜਨ–ਚੇਤਨਾ ਦੀ ਗੂੰਜ। ਲੰਡਨ ਦੀ ਵੋਟ ਤੋਂ ਬਾਅਦ ਹੁਣ 17 ਅਗਸਤ 2025 ਨੂੰ ਵਾਸ਼ਿੰਗਟਨ ਡੀ.ਸੀ. ਵਿੱਚ ਹੋਣ ਵਾਲੀਆਂ ਵੋਟਾਂ ਨੇ ਮੁਹਿੰਮ ਨੂੰ ਨਵੀਂ ਉਚਾਈ 'ਤੇ ਪਹੁੰਚਾ ਦਿੱਤਾ ਹੈ।

ਕਨੇਡਾ ਵਿੱਚ ਗੁਰੂ ਨਾਨਕ ਸਿੱਖ ਗੁਰਦੁਆਰਾ ਡੈਲਟਾ ਦੇ ਪ੍ਰਧਾਨ ਭਾਈ ਹਰਦੀਪ ਸਿੰਘ ਨਿੱਜਰ ਦੀ ਸ਼ਹਾਦਤ ਨੇ ਸਿਰਫ਼ ਇੱਕ ਵਿਅਕਤੀ ਨਹੀਂ ਗੁਆਇਆ, ਉਸ ਦੇ ਲਹੂ ਨੇ 'ਖ਼ਾਲਿਸਤਾਨ' ਲਹਿਰ ਨੂੰ ਉਚਾਈ ਤੇ ਪਹੁੰਚ, ਭਾਰਤ ਤੋਂ ਇੱਕ ਵੱਖ ਇੱਕ ਮੁਲਕ ਦੀ ਦਿਲ–ਓ–ਦਿਮਾਗ ਵਿਚ ਨਕਸ਼ਾਬੰਦੀ ਕਰ ਦਿੱਤੀ। ਕੈਨੇਡਾ ਤੋਂ ਲੈ ਕੇ ਸੰਯੁਕਤ ਰਾਜ ਤੱਕ, ਹਰ ਉਚੇ ਪੱਧਰ ਦੀ ਭਾਰਤੀ ਮੀਟਿੰਗ ਵਿੱਚ 'ਖ਼ਾਲਿਸਤਾਨ' ਹੀ ਮੁੱਖ ਚਰਚਾ ਦਾ ਕੇਂਦਰ ਬਣਿਆ।

ਆਵਾਜ਼ਿ ਕੌਮ AWAZE QAUM International Newspaper & WEB TV

ਭਾਵੇਂ ਪੰਜਾਬ ਰੈਫਰੈਂਡਮ ਅਧਿਕਾਰਕ ਤੌਰ 'ਤੇ ਗ਼ੈਰ–ਸਰਕਾਰੀ ਹੈ, ਪਰ ਇਹ ਭਾਰਤੀ ਰਾਜ ਦੀ ਨੀਤੀਮਤ ਸਰਹੱਦਾਂ ਤੋਂ ਪਰੇ ਗਿਆ ਹੈ। ਰੌਲਾ ਰਵਣ ਤੇ ਪਾਬੰਦੀਆਂ ਦੇ ਬਾਵਜੂਦ ਭਾਰਤੀ ਏਜੰਸੀਆਂ ਇਹ ਸਮਝਣ ਵਿੱਚ ਅਸਫਲ ਰਹੀਆਂ ਕਿ ਇਹ ਕੇਵਲ ਇੱਕ ਮਤਾ ਨਹੀਂ, ਇਹ ਇੱਕ ਰੂਹ ਦੀ ਲੋੜ ਬਣ ਗਿਆ ਹੈ। ਰੋਜ਼ ਨਵੇਂ ਐਨਆਰਆਈ ਦੇ ਵੀਜ਼ੇ ਰੱਦ ਹੋ ਰਹੇ ਹਨ, ਓਸੀ ਆਈ ਕਾਰਡ ਕੱਟੇ ਜਾ ਰਹੇ ਹਨ, ਪਰ ਸੱਚ ਇਹ ਹੈ ਕਿ ਸਰਕਾਰ ਆਪਣੀ ਹੀ ਨੀਤੀ ਨਾਲ ਖ਼ੁਦ ਨੂੰ ਆਲਮੀ ਮੰਚ 'ਤੇ ਇਕੱਲੇ ਕਰ ਰਹੀ ਹੈ।

**ਕਿਸਾਨ ਅੰਦੋਲਨ ਤੋਂ ਖ਼ਾਲਿਸਤਾਨ ਤੱਕ — ਸੰਘਰਸ਼ ਦੀ ਲਗਾਤਾਰ ਲਕੀਰ**

ਕਿਸਾਨ ਅੰਦੋਲਨ ਨੇ ਜਿੱਥੇ ਭਾਰਤ ਅੰਦਰ ਜਾਗਰੂਕਤਾ ਨੂੰ ਜਨਮ ਦਿੱਤਾ, ਓਥੇ ਵਿਦੇਸ਼ੀ ਪੰਜਾਬੀ ਨੌਜਵਾਨਾਂ ਨੇ ਇਸ ਸੰਘਰਸ਼ ਨੂੰ ਆਜ਼ਾਦੀ ਦੀ ਰੂਹ ਵਿੱਚ ਪਰਿਵਰਤਿਤ ਕੀਤਾ। ਅੱਜ ਉਹੀ ਨੌਜਵਾਨ ਖੁਦ ਨੂੰ ਓਸ ਮੰਚ ਉੱਤੇ ਪਾਉਣ ਲੱਗੇ ਹਨ ਜਿੱਥੇ ਉਹ ਆਪਣੀ ਕੌਮ ਦੇ ਭਵਿੱਖ ਦੀਆਂ ਰੇਖਾਵਾਂ ਖਿੱਚ ਰਹੇ ਹਨ।

ਜਿਸ ਤਰ੍ਹਾਂ ਭਾਰਤ ਸਰਕਾਰ ਨੇ ਦੇਸ਼–ਧ੍ਰੋਹ ਦੇ ਮਾਮਲੇ, ਐਕਟ 268 ਜਾਂ UAPA ਅਤੇ ਜਾਇਦਾਦ ਜ਼ਬਤੀ ਵਾਂਗ ਜ਼ਬਰ ਜਮਾਉਣ ਵਾਲੀਆਂ ਨੀਤੀਆਂ ਅਪਣਾਈਆਂ ਹਨ, ਇਹ ਸਭ ਮੁਹਿੰਮ ਨੂੰ ਰੋਕਣ ਦੀ ਕੋਸ਼ਿਸ਼ਾਂ ਹਨ ਪਰ ਗੱਲ ਸਾਫ਼ ਹੈ ਜਿਸਦੀ ਜੜ੍ਹ ਸ਼ਹੀਦਾਂ ਦੇ ਲਹੂ ਵਿਚ ਹੋਵੇ, ਉਸ ਮੁਹਿੰਮ ਨੂੰ ਰੋਕਿਆ ਨਹੀਂ ਜਾ ਸਕਦਾ।

31 ਅਕਤੂਬਰ ਦੀ ਪਹਿਲੀ ਵੋਟ ਲੰਡਨ ਵਿੱਚ ਸੀ, 17 ਅਗਸਤ ਦੀ ਵੋਟ ਵਾਸ਼ਿੰਗਟਨ ਡੀਸੀ ਵਿੱਚ ਹੋਣੀ ਹੈ ਪਰ ਇਹ ਮਤਾ ਸਿਰਫ਼ ਕਿਤਾਬੀ ਨਹੀਂ, ਇਹ ਇਤਿਹਾਸਕ ਦਸਤਾਵੇਜ਼ ਬਣ ਗਏ ਜੋ ਆਉਣ ਵਾਲੇ ਸਮੇਂ ਯੂ ਐਨ ਓ ਵਿੱਚ ਗੱਜਣਗੇ ਤੇ ਭਾਰਤ ਨੂੰ ਨਾ ਚਾਹੁੰਦਿਆਂ ਹੋਇਆਂ ਭਾਰੀ ਨਾਮੋਸ਼ੀ ਦਾ ਸਾਹਮਣਾ ਕਰਨਾ ਪਵੇਗਾ।

ਦੁਨੀਆ ਵਿੱਚ ਅਜਿਹਾ ਸੁਆਲ ਉਭਰ ਰਿਹਾ ਹੈ ਹਰੇਕ ਪੰਜਾਬੀ, ਹਰੇਕ ਸਿੱਖ ਨੂੰ ਆਪਣੇ ਅੰਦਰ ਪੁੱਛਣਾ ਪਵੇਗਾ "ਕੀ ਅਸੀਂ ਆਪਣੀ ਅਗਲੀ ਪੀੜ੍ਹੀ ਨੂੰ ਇਕ ਗੁਲਾਮ ਦਸਤਾਵੇਜ਼ ਦੇਣੇ ਹਨ ਜਾਂ ਇੱਕ ਆਜ਼ਾਦ ਖ਼ਾਕਾ ?" ਅਜ਼ਾਦ ਮੁਲਕ..!








HARYANA SIKH GURDWARA MANAGEMENT COMMITTEE
ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ
ਧਰਮ ਪ੍ਰਚਾਰ ਦੇ ਚੇਅਰਮੈਨ ਬਣਨ ਤੇ
ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ
ਨੂੰ ਬਹੁਤ ਬਹੁਤ ਮੁਬਾਰਕਾਂ
ਭਾਈ ਬਲਵੰਤ ਸਿੰਘ ਗੋਪਾਲਾ
ਇੰਚਾਰਜ ਸਬ ਦਫਤਰ ਧਰਮ ਪ੍ਰਚਾਰ
ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ


ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ
ਧਰਮ ਪ੍ਰਚਾਰ ਚੇਅਰਮੈਨ ਬਣਨ ਤੇ
ਜਥੇਦਾਰ ਬਲਜੀਤ ਸਿੰਘ
ਦਾਦੂਵਾਲ ਜੀ ਨੂੰ
ਲੱਖ-ਲੱਖ ਵਧਾਈਆਂ
DELHI SIKH GURDWARA MANAGEMENT COMMITTEE
ਗਿਆਨੀ ਸੰਦੀਪ ਸਿੰਘ ਜੀ ਕਰਨਾਲ
ਹੈੱਡ ਗ੍ਰੰਥੀ ਗੁਰਦੁਆਰਾ ਮਾਤਾ ਸੁੰਦਰੀ ਜੀ ਦਿੱਲੀ


Harmeet Singh Kalka · Follow
2h
ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਧਰਮ ਪ੍ਰਚਾਰ ਚੇਅਰਮੈਨ ਬਣਨ ਤੇ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਨੂੰ ਲੱਖ-ਲੱਖ ਵਧਾਈਆਂ ।
#DSGMC #HSGMC Jathedar Baljit Singh Khalsa Daduwal
ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ
ਧਰਮ ਪ੍ਰਚਾਰ ਚੇਅਰਮੈਨ
ਬਣਨ ਤੇ
ਜਥੇਦਾਰ ਬਲਜੀਤ ਸਿੰਘ
ਦਾਦੂਵਾਲ ਜੀ ਨੂੰ
ਲੱਖ-ਲੱਖ ਵਧਾਈਆਂ
SADDS
ਸ. ਹਰਮੀਤ ਸਿੰਘ ਕਾਲਕਾ
ਪ੍ਰਧਾਨ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ


ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਹਲਕਾ ਕਾਲਕਾ ਤੋਂ ਮੈਂਬਰ
ਸਰਦਾਰ ਗੁਰਮੀਤ ਸਿੰਘ ਰਾਮਸਰ ਸੀਨੀਅਰ ਮੀਤ ਪ੍ਰਧਾਨ ਨਿਯੁਕਤ ਹੋਣ ਤੇ
ਸ਼ੁਕਰਾਨਾ ਸਮਾਗਮ
ਮਿਤੀ 17 ਜੂਨ 2025 ਦਿਨ ਮੰਗਲਵਾਰ
ਸਥਾਨ - ਗੁਰਦੁਆਰਾ ਸਾਹਿਬ ਪਾਤਸ਼ਾਹੀ ਪਹਿਲੀ ਪਿੰਜੌਰ ਪੰਚਕੂਲਾ
ਸਮਾਂ ਸਵੇਰੇ 9 ਤੋਂ 12 ਵਜੇ ਤੱਕ
ਪ੍ਰੋਗਰਾਮ
ਭੋਗ ਸ੍ਰੀ ਅਖੰਡ ਪਾਠ ਸਾਹਿਬ 9 ਵਜੇ ਸਵੇਰੇ
ਸ਼ਬਦ ਕੀਰਤਨ 10 ਵਜੇ ਸਵੇਰੇ
ਗੁਰਮਤਿ ਵਿਚਾਰਾਂ 11 ਵਜੇ ਸਵੇਰੇ
ਇਸ ਸਮੇਂ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ
ਪ੍ਰਧਾਨ ਸਰਦਾਰ ਜਗਦੀਸ਼ ਸਿੰਘ ਝੀਂਡਾ
ਸਮੂੰਹ ਕਾਰਜ਼ਕਰਨੀ ਅਤੇ ਜਨਰਲ ਹਾਊਸ ਦੇ ਮੈਂਬਰ
ਸਾਹਿਬਾਨ ਸੰਗਤਾਂ ਦੇ ਦਰਸ਼ਨ ਦੀਦਾਰੇ ਕਰਨਗੇ ਜੀ
ਪ੍ਰਸਿੱਧ ਰਾਗੀ ਭਾਈ ਗੁਰਸੇਵਕ ਸਿੰਘ ਰੰਗੀਲਾ ਹਜ਼ੂਰੀ ਰਾਗੀ
ਜੱਥਾ ਗੁਰਦੁਆਰਾ ਦਾਦੂ ਸਾਹਿਬ
ਅਤੇ ਭਾਈ ਮਨਜਿੰਦਰ ਸਿੰਘ ਰਬਾਬੀ ਹਜ਼ੂਰੀ ਰਾਗੀ ਜੱਥਾ
ਗੁਰਦੁਆਰਾ ਨਾਢਾ ਸਾਹਿਬ ਰਸਭਿੰਨਾ ਕੀਰਤਨ ਕਰਨਗੇ
ਸ. ਗੁਰਮੀਤ ਸਿੰਘ ਰਾਮਸਰ
ਸੀਨੀਅਰ ਮੀਤ ਪ੍ਰਧਾਨ
ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ
ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ
ਚੇਅਰਮੈਨ ਧਰਮ ਪ੍ਰਚਾਰ
ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ
ਗੁਰਮਤਿ ਵਿਚਾਰਾਂ ਦੀ ਸਾਂਝ ਪਾਉਣਗੇ
ਨੋਟ: ਗੁਰੂ ਕਾ ਲੰਗਰ ਅਤੁੱਟ ਵਰਤੇਗਾ
ਬੇਨਤੀ ਕਰਤਾ - ਸਰਦਾਰ ਸਵਰਨ ਸਿੰਘ ਬੁੰਗਾ ਟਿੱਬੀ ਚੇਅਰਮੈਨ ਖਰੀਦ ਵਿੰਗ ਅਤੇ ਸਮੂੰਹ ਸਾਧ ਸੰਗਤ ਪੰਚਕੂਲਾ


ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਪਾਰ ਕਿਰਪਾ ਸਦਕਾ
ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਨੂੰ
ਧਰਮ ਪ੍ਰਚਾਰ ਕਮੇਟੀ (ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ)
ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਬਨਣ ਤੇ
ਲੱਖ-ਲੱਖ ਵਧਾਈਆਂ
ਸ: ਗੁਰਪ੍ਰਸਾਦਿ ਸਿੰਘ
ਜਥੇਦਾਰ ਬਲਜੀਤ ਸਿੰਘ ਦਾਦੂਵਾਲ
(ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅਜ਼ਾਦ)
ਬੀਬੀ ਗਗਨਦੀਪ ਕੌਰ ਸਿੱਧੂ
ਸ: ਜਸਵੰਤ ਸਿੰਘ
ਸ: ਪਰਮਜੀਤ ਸਿੰਘ
ਸ: ਹਰਦਰਸ਼ਨ ਸਿੰਘ
Executive Member
Executive Member
ਵਿੰਮੀ ਸੋਨੀ
Executive Member
ਸ਼੍ਰੋਮਣੀ ਅਕਾਲੀ ਦਲ ਅਜ਼ਾਦ, ਗੁਰੂਗਰਾਮ



ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ
ਧਰਮ ਪ੍ਰਚਾਰ ਚੇਅਰਮੈਨ
ਬਣਨ ਤੇ
ਜਥੇਦਾਰ ਬਲਜੀਤ ਸਿੰਘ ਦਾਦੂਵਾਲ
ਜੀ ਨੂੰ
ਲੱਖ-ਲੱਖ ਵਧਾਈਆਂ
ਸਿੰਘ ਸਾਹਿਬ ਭਾਈ ਜਸਬੀਰ ਸਿੰਘ ਰੋਡੇ
ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ




ੴ ਸਤਿਗੁਰ ਪ੍ਰਸਾਦਿ॥
ਬਰਸੀ ਸਮਾਗਮ
ਭਾਈ ਭਗਵੰਤ ਸਿੰਘ ਜੀ
(ਢੀਂਡਸਾ ਵਾਲੇ)
17 ਜੂਨ 2025 ਦਿਨ ਮੰਗਲਵਾਰ
ਸਵੇਰੇ 10 ਵਜ਼ੇ ਤੋਂ 1 ਵਜ਼ੇ ਤੱਕ
ਸਥਾਨ: ਗੁ: ਡੇਰਾ ਬਾਬਾ ਬਲਵੰਤ ਸਿੰਘ ਦੁੱਧਾਧਾਰੀ,
ਨੇੜੇ ਨਵਾਂ ਬੱਸ ਅੱਡਾ, ਰਾਜਪੁਰਾ
ਗੁਰੂ ਕਾ ਲੰਗਰ ਅਤੁੱਟ ਵਰਤੇਗਾ
LIVE: KHALSA RADIO
ਸੰਪਰਕ: 62838-37258, 73408-08600
Manga Flex 93167-54321
ਵੱਲੋਂ: ਜਥੇਦਾਰ ਬਲਜੀਤ ਸਿੰਘ ਜੀ ਦਾਦੂਵਾਲ ਅਤੇ ਸਮੂਹ ਸੰਤ ਸਮਾਜ